੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 102
ਨੰਬਰ 20

੧ ਤੋਂ ੧੫ ਮੱਘਰ ੨੦੭੯ ਬਿ.
16 to 30 November 2022

# ਸਤਿਜੁਗ



10/-

# ਅੱਸੂ ਦੇ ਮੇਲੇ ਦੀਆਂ ਵੱਖ ਵੱਖ ਝਲਕੀਆਂ

















# ਸਤਿਜੁਗ

੧ ਤੋਂ ੧੫ ਮੱਘਰ ੨੦੭੯ ਬਿ.

16 ਤੋਂ 30 ਨਵੰਬਰ 2022 ਈ.

ਜਿਲਦ 102, ਨੰਬਰ 20



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................4
* ਗੁਰਬਾਣੀ ਵਿਆਖਿਆ........................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..............................8
* ਖੁਸ਼ ਵਸੀਂ ਓਹ ਦੇਸ ਅਸਾਡਿਆ
  ਭਜਨ ਸਿੰਘ........................................10
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................17
* Siginificiant Association Of All Form.......
  Dr. Ajmer Singh..............................................19
* A Saga of Sri Satguru Jagjit Singh ji
  Dr. Sharada Jayagovind............................23
* ਸੁੱਚੇ-ਮੋਤੀ........................................26
* ਬੱਚਿਆਂ ਦਾ ਪੰਨਾ........................................27
* ਖ਼ਬਰਨਾਮਾ........................................28
* Matrimonial..............................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਜਦੋਂ ਅਸੀਂ ਕਿਸੇ ਨੂੰ ਮਾੜਾ ਬੋਲਦੇ ਹਾਂ ਤਾਂ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ "ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਏ" ਤੋਂ ਕੋਹਾਂ ਦੂਰ ਹੋ ਜਾਂਦੇ ਹਾਂ। ਹਰ ਧਰਮ ਨੇ ਹਮੇਸ਼ਾਂ ਪਿਆਰ ਦਾ ਸੁਨੇਹਾ ਦਿੱਤਾ ਹੈ ਅਤੇ ਧਾਰਮਿਕ ਰਹਿਬਰਾਂ ਨੇ ਕੁਦਰਤ ਦੀ ਬਣਾਈ ਹਰ ਚੀਜ਼ ਨੂੰ ਸਿਰਫ਼ ਮੁਹੱਬਤ ਨਾਲ ਦੇਖਿਆ ਤੇ ਮਾਣਿਆ ਹੈ। ਮਾੜਾ ਬੋਲਿਆਂ ਆਪਣੇ ਮਨ ਤੇ ਜੋ ਅਸਰ ਹੁੰਦਾ ਹੈ ਉਸ ਨੂੰ ਗੁਰੂ ਪਾਤਸ਼ਾਹ ਕਹਿੰਦੇ ਹਨ 'ਤਨੁ ਮਨੁ ਫਿਕਾ ਹੋਏ 'ਭਾਵ ਮੁਹੱਬਤ ਦਾ ਰੰਗ ਉਨ੍ਹਾਂ ਮਨੁੱਖਾਂ ਅੰਦਰ ਫਿੱਕਾ ਪੈ ਜਾਂਦਾ ਹੈ। ਫਿਰ ਅਸੀਂ ਕਿਉਂ ਕਿਸੇ ਨੂੰ ਮਾੜਾ ਬੋਲੀਏ। ਕਿਉਂ ਆਪਣੇ ਆਪ ਨੂੰ ਸੰਸਾਰ ਵਿੱਚ ਫਿੱਕਾ ( ਬੇਰਸ) ਬਣਾਈਏ। ਇਸ ਹੀ ਸ਼ਬਦ ਵਿੱਚ ਸਤਿਗੁਰੂ ਜੀ ਕਹਿੰਦੇ ਹਨ 'ਫਿਕਾ ਮੂਰਖ ਆਖੀਐ' ਮੰਦਾ ਬੋਲਣ ਵਾਲੇ ਨੂੰ ਲੋਕ ਮੂਰਖ ਆਖਦੇ ਹਨ। ਜੇ ਅਸੀਂ ਆਪਣੇ ਵਿਵਹਾਰ ਨੂੰ ਗੁਰਬਾਣੀ ਦੀ ਰੌਸ਼ਨੀ 'ਚ ਵਿਚਾਰਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਗੁਰੂ ਅਮਰਦਾਸ ਜੀ ਦੋਹਾਗਣੀ (ਮਨਮੁਖ) ਦੇ ਜੀਵਨ ਕਰਮਾਂ ਬਾਰੇ ਪਰਿਭਾਸ਼ਾ ਇਹਨਾਂ ਸ਼ਬਦਾਂ ਨਾਲ ਦਿੰਦੇ ਹਨ–

ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥

ਤੇ ਸੁਹਾਗਣੀ( ਗੁਰਮੁੱਖ) ਦਾ ਗੁਣ ਹੈ ਮਿੱਠਾ ਬੋਲਣਾ-

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥

ਸਾਰੀ ਕਾਇਨਾਤ, ਜੀਵ ਜੰਤੂਆਂ ਨਾਲ ਪਿਆਰ ਉਹ ਹੀ ਕਰ ਸਕਦਾ ਹੈ, ਜਿਸ ਦਾ ਤਨ-ਮਨ ਪ੍ਰਭੂ ਪਿਆਰ ਵਿੱਚ ਗੂੜ੍ਹਾ ਰੰਗਿਆ ਹੋਵੇ। ਰੱਬੀ ਮੁਹੱਬਤ ਤੋਂ ਸੱਖਣੇ ਮਨੁੱਖ ਸੁਆਰਥੀ, ਈਰਖਾਲੂ ਹੁੰਦੇ ਹਨ ਜੋ ਹਮੇਸ਼ਾਂ ਫਿੱਕਾ ( ਮੰਦਾ) ਹੀ ਬੋਲਦੇ ਹਨ। ਫਿੱਕਾ ਬੋਲਣ ਦਾ ਉਹਨਾਂ ਦੇ ਤਨ-ਮਨ 'ਤੇ ਐਸਾ ਅਸਰ ਹੁੰਦਾ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਸਾਰੇ ਰਸ ਖਤਮ ਕਰ ਲੈਂਦੇ ਹਨ। ਐਸੇ ਮਨੁੱਖ ਦੂਜਿਆਂ ਲੋਕਾਂ ਦੀਆਂ ਗੱਲਾਂ (ਚੁਗਲੀ, ਨਿੰਦਿਆ ) ਕਰ ਵਿਸ਼ੇਲੇ ਰਸਾਂ ਨੂੰ ਇਕੱਤਰ ਕਰਦੇ ਨੇ। ਇਸ ਲਈ ਤਾਂ ਪਾਤਸ਼ਾਹ ਕਹਿੰਦੇ ਹਨ ਫਿੱਕਾ 'ਮਨੁੱਖ ਪਾਣਾ ਲਹੈ ਸਜਾਇ' ਭਾਵ ਜੁੱਤੀਆਂ ਖਾਂਦਾ ਹੈ। ਗੁਰੂ ਨਾਨਕ ਦੇਵ ਜੀ ਪ੍ਰਭੂ ਪ੍ਰਾਪਤੀ ਦਾ ਮੰਤਰ ਦੱਸਦੇ ਪਹਿਲੀ ਤੁਕ ਵਿੱਚ ਸਵਾਲ ਕਰਦੇ ਹਨ "ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ" ਭਾਵ (ਸੋਹਾਗਣੀ) ਗੁਰਮੁਖਿ ਨੂੰ ਪੁੱਛੋ ਉਨ੍ਹਾਂ ਕਿਹੜੇ ਗੁਣਾਂ ਨਾਲ ਪ੍ਰਭੂ ਪਰਮੇਸ਼ਰ ਨੂੰ ਪ੍ਰਾਪਤ ਕੀਤਾ ਹੈ? ਉਤਰ ਵਿੱਚ ਉਹ ਇਹ ਗੁਣ ਦੱਸਦੇ ਹਨ-

ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥

ਸਾਡੇ ਗੁਰੂ ਸਾਹਿਬਾਨਾਂ ਦਾ ਇਤਿਹਾਸ ਦੱਸਦਾ ਹੈ ਕਿ ਉਹਨਾਂ ਨੇ ਹਰ ਪ੍ਰਸਿਥਤੀ ਵਿੱਚ ਆਪਣੇ ਆਪ ਨੂੰ ਜਿਥੇ ਸਥਿਰ ਰੱਖਿਆ ਉਥੇ ਹਮੇਸ਼ਾਂ ਮੂੰਹੋਂ ਮਿੱਠੇ ਬਚਨ ਹੀ ਬੋਲੇ। ਪੰਜਵੇਂ ਪਾਤਸ਼ਾਹ ਰਾਗ ਸੂਹੀ ਵਿੱਚ ਲਿਖਦੇ ਹਨ-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥

ਗੁਰੂ ਅਮਰ ਦਾਸ ਜੀ ਨੂੰ ਭਰੇ ਦਰਬਾਰ ਵਿੱਚ ਕ੍ਰੋਧ 'ਚ ਭਖਦੇ ਦਾਤੂ ਨੇ ਲੱਤ ਮਾਰੀ। ਗੁਰੂ ਜੀ ਨੇ ਦਾਤੂ ਜੀ ਦੇ ਪੈਰ ਪਕੜ ਲਏ ਤੇ ਕਿਹਾ " ਤੁਸਾਂ ਇਤਨੀ ਕਿਉਂ ਖੇਚਲ ਕੀਤੀ, ਪੈਰ ਤੇ ਸੱਟ ਤਾਂ ਨਹੀਂ ਆਈ। ਮੇਰੇ ਹੱਡ ਤਾਂ ਬੁੱਢੀ ਅਵਸਥਾ ਕਰਕੇ ਕਰੜੇ ਹੋ ਗਏ ਹਨ।ਦੂਜੇ ਸੇਵਾ ਕਰਦਿਆਂ ਹੱਡੀਆਂ ਹੀ ਰਹਿ ਗਈਆਂ ਹਨ। ਸਰੀਰ ਕਠੋਰ ਹੈ, ਤੁਹਾਡੇ ਪੈਰ ਕੂਲੇ ਹਨ।

ਇਕ ਤੋ ਸੇਵਾ ਕਰਤਿ ਰਹਯੋ ਹੋ।ਦੁਤੀਏ ਬਯ ਤੇ ਬਿਰਧ ਭਯੋ ਹੋ।
ਯਾ ਤੇ ਅਧਿਕ ਸਰੀਰ ਕਠੋਰਾ। ਤੁਮਰੈ ਚਰਨ ਮ੍ਰਿਦੁਲ ਨਹਿ ਥੋਰਾ
ਲਗੀ ਹੋਗੁ ਕਿਛ ਚੋਟ ਮਹਾਨਾ।ਖਿਮਾ ਕਰੋ ਗੁਰ ਸੁਤ ਬਲਵਾਨਾ।

ਇਸ ਤਰ੍ਹਾਂ ਦੇ ਦੁਰਵਿਵਹਾਰ ਕਰਨ ਤੇ ਵੀ ਸਤਿਗੁਰੂ ਜੀ ਨੇ ਉਸ ਨੂੰ ਪ੍ਰੇਮ ਬਚਨ ਹੀ ਆਖੇ, ਕੋਈ ਵੀ ਫਿੱਕਾ ਬੋਲ ਮੁੱਖ ਚੋਂ ਨਹੀ ਕੱਢਿਆ।ਇਸ ਤਰ੍ਹਾਂ ਦੀ ਇਕ ਘਟਨਾ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵੀ ਵਾਪਰੀ।ਧੀਰ ਮੱਲ ਦੀ ਅਗਵਾਈ ਵਿੱਚ ਸ਼ੀਹੇ ਮਸੰਦ ਨੇ ਸਤਿਗੁਰੂ ਜੀ 'ਤੇ ਹਮਲਾ ਕੀਤਾ। ਸਤਿਗੁਰੂ ਜੀ ਘੋੜੀ ਤੇ ਸਵਾਰ ਸਨ। ਜਦ ਗੋਲੀਆਂ ਦੀ ਆਵਾਜ਼ ਘੋੜੀ ਨੇ ਸੁਣੀ ਉਹ ਤ੍ਰਭਕ ਗਈ। ਸਤਿਗੁਰੂ ਜੀ ਅਡੋਲ ਰਹੇ ਅਤੇ ਗੋਲੀ ਚਲਾਉਣ ਵਾਲਿਆਂ ਨੂੰ ਵੇਖ ਫ਼ਰਮਾਇਆ-

"ਭਲੇ ਧੀਰ ਮਲ, ਭਲੇ ਜੀ ਭਲੇ ਧੀਰ ਮਲ ਧੀਰ,
ਬਹੁਤ ਬਾਰ ਬੋਲੇ ਬਚਨ, ਸ੍ਰੀ ਪੁਤ ਗੁਨੀ ਗਹੀਰ।

ਜਾਨਲੇਵਾ ਹਮਲਾ ਕਰਨ ਵਾਲੇ ਨੂੰ ਵੀ ਸਤਿਗੁਰੂ ਜੀ ਨੇ ਫਿੱਕਾ ਬੋਲ ਨਹੀਂ ਬੋਲਿਆ।ਅਸੀਂ ਛੋਟੀ -ਛੋਟੀ ਗੱਲ ਤੇ ਅੱਗ ਬਬੂਲੇ ਹੋ ਅਯੋਗ ਤੋਂ ਅਯੋਗ ਸ਼ਬਦ ਬੋਲਣ ਤੋਂ ਗੁਰੇਜ਼ ਨਹੀਂ ਕਰਦੇ।ਅੱਜ ਸ਼ੋਸ਼ਲ ਮੀਡੀਆ ਤੇ ਸਿਖ ਅਖਵਾਉਣ ਵਾਲਿਆਂ ਦੀ ਭਾਸ਼ਾਂ ਵੇਖੀ ਦੀ ਹੈ ਤਾਂ ਇੰਜ ਲਗਦਾ ਹੈ ਜਿਵੇਂ ਗੁਰੂ ਇਤਿਹਾਸ ਅਤੇ ਗੁਰਬਾਣੀ ਤੋਂ ਆਜੋਕੀ ਪੀੜੀ ਕੋਹਾਂ ਦੂਰ ਹੋ ਚੁਕੀ ਹੈ। ਸਾਨੂੰ ਆਪਣੇ ਸਤਿਗੁਰੂ ਸਹਿਬਾਨਾਂ ਦੇ ਜੀਵਨ ਤੋਂ ਸੇਧ ਲੈਣ ਦੀ ਬਹੁਤ ਜ਼ਰੂਰਤ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮਨਾਮੇ ਵਿੱਚ ਲਿਖ ਭੇਜਿਆ ਸੀ "ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀ ਬੋਲਣਾ, ਖਿਮਾ ਕਰਨੀ। ਕੁਬੋਲੁ ਸਹਿ ਜਾਣਾ ਸਭ ਦਾ।ਜੋ ਕੋਈ ਮਾਰੇ ਕੁਛੁ, ਤਾ ਭੀ ਖਿਮਾ ਕਰਨੀ,ਤੁਸਾ ਦਾ ਰਛਕ ਗੁਰੂ ਹੈ। ਸੱਚ ਤਾਂ ਇਹ ਹੈ ਕਿ ਸਾਡੇ ਗੁਰੂਆਂ ਦੀ ਆਦਿ ਤੋਂ ਹੀ ਇਹ ਸਿਖਿਆ ਰਹੀ ਹੈ ਕਿ ਕਿਸੇ ਨੂੰ ਫਿੱਕਾ ਨਹੀਂ ਬੋਲਣਾ।

.......................................................................

# ਗੁਰਬਾਣੀ ਵਿਆਖਿਆ - ਜਾਪੁ

**ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥੪੪॥**

ਸਭ ਦੇਵਤਿਆਂ ਦੇ ਪੂਜਯ ਦੇਵ, ਭੇਖ ਰਹਿਤ ਰਮੇ ਹੋਏ ਪ੍ਰਭੂ ਨੂੰ ਨਮਸਕਾਰ ਹੈ।

Adorable for all gods and formless immanent God, I bow in salutation before you.

O, God of the dieties, formless and omnipresent, Salutations to You.

**ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥**

ਕਾਲ ਦੇ ਵੀ ਕਾਲ ਰੂਪ ਅਤੇ ਸਾਰਿਆਂ ਦੇ ਪਾਲਣ ਹਾਰ ਪ੍ਰਭੂ ਨੂੰ ਨਮਸਕਾਰ ਹੈ।

The destroyer of death and sustainer of all O God! I bow in salutation before you.

O, God! The destroyer of death and sustainer of all, Salutations to You.

**ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ॥੪੫॥**

ਸਾਰਿਆਂ ਥਾਂਵਾਂ ਤੇ ਪਹੁੰਚ ਰੱਖਣ ਵਾਲੇ ਅਤੇ ਸਾਰਿਆਂ ਭਵਨਾਂ(ਥਾਵਾਂ) ਵਿੱਚ ਰਹਿਣ ਵਾਲੇ ਪ੍ਰਭੂ ਨੂੰ ਨਮਸਕਾਰ ਹੈ।

Having access everywhere and omnipresent God! I bow in salutation before you.

All-pervasive and omnipresent God, Salutations to You.

**ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥**

ਸਰੀਰਕ ਅੰਗਾਂ ਤੇ ਮਾਲਕ ਤੋਂ ਰਹਿਤ ਪ੍ਰਭੂ! ਤੇਰਾ ਕੋਈ ਸਹਿਯੋਗੀ ਨਹੀਂ ਅਤੇ ਤੂੰ ਜੀਵਾਂ ਦਾ ਨਾਸ ਕਰਤਾ ਹੈਂ।

You, without body limbs and any master over head

O god! You have no partner and you are a destroyer of the jivas.

O, God! You are without body, guardian, companion, and the destroyer of all.

**ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ॥੪੬॥**

ਹੇ ਸੂਰਜਾਂ ਦੇ ਸੂਰਜ ਅਤੇ ਮਾਣਾਂ ਦੇ ਮਾਣ ਪ੍ਰਭੂ! ਤੈਨੂੰ ਨਮਸਕਾਰ ਹੈ।

You, the sun of the suns and honor of the honored, I bow in salutation before you.

O, God! Creator of the suns, Honor of the honored, Salutations to You.

**ਨਮੋ ਚੰਦ੍ਰ ਚੰਦ੍ਰੇ॥ ਨਮੋ ਭਾਨ ਭਾਨੇ॥**

ਹੇ ਸੀਤਲਤਾ ਦੇ ਸ੍ਰੋਤ ਅਤੇ ਮਹਾਨ ਤੇਜਸਵੀ ਪ੍ਰਭੂ! ਤੈਨੂੰ ਨਮਸਕਾਰ ਹੈ।

O God! The source of coolness and effulgent one, I bow in salutation before you.

O, God! Coolness of the moons, Energy of the suns, Salutations to You.

**ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥੪੭॥**

ਗੀਤਾਂ ਦੇ ਗੀਤ-ਸਰੂਪ ਅਤੇ ਤਾਨਾਂ ਦੇ ਤਾਨ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

You, the song of songs and melody of melodies, I bow in salutation before you.

O, God! Creator of the songs and melodies, Salutations to You.

**ਨਮੋ ਨਿਰਤ ਨਿਰਤੇ॥ਨਮੋ ਨਾਦ ਨਾਦੇ॥**

ਨਾਚਾਂ ਦੇ ਨਾਚ-ਸਰੂਪ ਅਤੇ ਆਵਾਜ਼ਾਂ(ਸ਼ਬਦ) ਦੀ ਆਵਾਜ਼-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

You the dance of dances and voice of the voices, O God! I bow in salutation before you.

O, God! Energy behind dances and sounds, Salutations to You.

**ਨਮੋ ਪਾਨ ਪਾਨੇ॥ਨਮੋ ਬਾਦ ਬਾਦੇ॥੪੮॥**

ਹੱਥਾਂ ਦੇ ਹੱਥ-ਸਰੂਪ (ਨ੍ਰਿਤਕਾਰੀ ਹਾਵ ਭਾਵ ਦੀ ਮੁਦ੍ਰਾ ਦੇ ਵਿੱਚ ਲੱਗੇ ਹੋਏ ਹੱਥ) ਅਤੇ ਵਾਜਿਆਂ ਦੇ ਵਾਜੇ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

Hand of hands engaged in dance and music of the musical instruments,
O God! I bow in salutation before you.

O, God! Energy behind the hands and instruments, Salutations to You.

**ਅਨੰਗੀ ਅਨਾਮੇ॥ਸਮਸਤੀ ਸਰੂਪੇ॥**

ਹੇ ਪ੍ਰਭੂ! ਤੂੰ ਸਰੀਰ ਤੇ ਵਿਸ਼ੇਸ਼ ਨਾਮ ਤੋਂ ਰਹਿਤ ਅਤੇ ਸਭ ਰੂਪਾਂ ਵਾਲਾ ਹੈਂ।

O God! You are without any particular body and name and still in all forms,
I bow in salutation before you.

O, God! You are without specific body and name, yet the embodiment of everything

**ਪ੍ਰਭੰਗੀ ਪ੍ਰਮਾਥੇ॥ਸਮਸਤੀ ਬਿਭੂਤੇ॥੪੯॥**

ਤੂੰ ਦੁੱਖਾਂ ਦਾ ਵਿਨਾਸ਼ਕ ਅਤੇ ਸਮੂਹ ਸਮੱਗਰੀ ਵਾਲਾ ਹੈਂ।

O God! You are the destroyer of all suffering and owner of all matter.

The destroyer of all pains and treasure of all resources,

**ਕਲੰਕੰ ਬਿਨਾਨੇ ਕਲੰਕੀ ਸਰੂਪੇ॥**

ਤੂੰ ਕਲੰਕ ਤੋਂ ਬਿਨਾਂ ਵੀ ਹੈ ਅਤੇ ਕਲੰਕ ਸਹਿਤ ਵੀ ਹੈਂ।

You are without blemish and with blemish.

You are perfect as well as imperfect.

**ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ॥੫੦॥**

ਹੇ ਰਾਜਿਆਂ ਦੇ ਰਾਜੇ ਮਹਾਨ ਪ੍ਰਭੂ! ਤੈਨੂੰ ਨਮਸਕਾਰ ਹੈ।

O Great God! The king of kings, I bow in salutation before you.

O, King of the kings and the God of Supreme form, Salutations to You.

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ॥**

ਹੇ ਜੋਗੀਆਂ ਦੇ ਜੋਗੀ ਅਤੇ ਉੱਚੀ ਅਵਵਸਥਾ ਵਾਲੇ ਸਿੱਧ ਪ੍ਰਭੂ! ਤੈਨੂੰ ਨਮਸਕਾਰ ਹੈ।

O God! The yogi of the yogis and place aloft, I bow in salutation before you.

O, God! *Yogi* of the *yogis* and the Supreme *Siddha*, Salutations to You.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਅੱਸੂ ਦਾ ਮੇਲਾ** **ਸ੍ਰੀ ਭੈਣੀ ਸਾਹਿਬ**

ਪਰਮ ਸਤਿਕਾਰ ਯੋਗ ਸਾਧ-ਸੰਗਤ ਜੀ ਅੱਜ ਸਵੇਰੇ ਜਦੋਂ ਘੁੱਲਾ ਜੀ ਨੇ ਆਸਾ ਦੀ ਵਾਰ ਸ਼ੁਰੂ ਕੀਤੀ ਸਭ ਤੋਂ ਪਹਿਲਾਂ ਇਨ੍ਹਾਂ ਸ਼ਬਦ ਪੜ੍ਹਿਆ ਸੀ ਧਨੁ ਧਨੁ ਸਤਿਗੁਰੁ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ॥ ਉਹ ਸਤਿਗੁਰੂ ਧੰਨ ਹੈ ਜਿਨ੍ਹੇਂ ਹਰੀ ਦੇ ਨਾਮ ਨਾਲ ਮੇਰੀ ਪ੍ਰੀਤ ਬਣਾਈ ਹੈ। ਜਿਨ੍ਹਾਂ ਨੇ ਕਿਰਪਾ ਕਰਕੇ ਸਾਨੂੰ ਇਹ ਜੱਪ ਪ੍ਰਯੋਗ ਦੀ ਬਖ਼ਸ਼ਿਸ਼ ਕੀਤੀ ਹੈ। ਸਾਨੂੰ ਨਾਮ ਨਾਲ ਜੋੜਿਆ ਹੈ। ਉਨ੍ਹਾਂ ਦੇ ਚਰਨਾਂ ਵਿੱਚ ਇਕ ਵਾਰੀ ਨਮਸਕਾਰ ਕਰੀਏ ਬੜੇ ਪਿਆਰ ਨਾਲ ਆਖੀਏ "ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ" ਸੱਚੇ ਪਾਤਸ਼ਾਹ ਉਹ ਸਤਿਗੁਰੂ ਮਾਤਾ ਵੀ ਹੈ। ਪਿਤਾ ਵੀ ਹੈ। ਮਿੱਤਰ ਵੀ ਹੈ। ਉਹ ਆਪਣੇ ਭਗਤਾਂ ਨੂੰ ਆਪਣੇ ਸਿੱਖਾਂ ਨੂੰ ਬੱਚਿਆਂ ਵਾਂਗੂ ਪਾਲਦਾ ਹੈ। ਪ੍ਰਯੋਗ ਵਿੱਚ ਬਹੁਤ ਥੋੜੇ ਸਿੰਘ ਹੁੰਦੇ ਸਨ। ਗਰੀਬ ਨਿਵਾਜ਼ ਨੇ ਹੁਕਮ ਕਰਨਾ ਮੇਰਾ ਜੀ ਕਰਦਾ ਇਹ ਮੰਦਰ ਸਾਰਾ ਨਾਮ ਸਿਮਰਨ ਕਰਨ ਵਾਲਿਆਂ ਨਾਲ ਭਰਿਆ ਹੋਵੇ। ਸੱਚੇ ਪਾਤਸ਼ਾਹ ਹੁਕਮ ਕੀਤਾ ਤੇ ਉਹਨਾਂ ਦਾ ਉਹ ਬਚਨ ਪੂਰਾ ਹੋ ਗਿਆ। ਉਹ ਬਚਨ ਨਾ ਸਿਰਫ਼ ਭੈਣੀ ਸਾਹਿਬ ਵਿੱਚ ਹੀ ਪੂਰਾ ਹੋਇਆ ਗਰੀਬ ਨਿਵਾਜ਼ ਨੇ ਏਨ੍ਹੀ ਕਿਰਪਾ ਕੀਤੀ ਸ਼ਾਇਦ 200 ਤੋਂ ਵੀ ਜਿਆਦਾ ਥਾਵਾਂ ਤੇ ਭਾਰਤ ਵਿੱਚ ਇਹ ਪ੍ਰਯੋਗ ਹੋਇਆ ਹੈ। 12-13 ਬਾਹਰਲੇ ਦੇਸ਼ਾਂ ਵਿੱਚ ਨਾਮ ਸਿਮਰਨ ਹੋਇਆ ਹੈ। 15 ਹਜ਼ਾਰ ਦੇ ਕਰੀਬ ਸਿੰਘਾਂ ਤੇ ਬੀਬੀਆਂ ਨੇ ਪ੍ਰਯੋਗ ਵਿੱਚ ਹਿੱਸਾ ਲਿਆ ਹੈ। ਇਹ ਸਾਰੀ ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਹੈ। ਮੈਂ ਸਮਝਦਾ ਹਾਂ ਕਿ ਸਾਡੇ ਕੀਤਿਆਂ ਕੁਝ ਨਹੀਂ ਹੁੰਦਾ ਜੋ ਸਾਨੂੰ ਇਸ ਰਸਤੇ ਤੇ ਲਿਜਾਂਦੇ ਨੇ ਉਨ੍ਹਾਂ ਨੇ ਆਪ ਕਿਰਪਾ ਕੀਤੀ ਹੈ, ਇਹ ਇਸ ਤਰ੍ਹਾਂ ਪ੍ਰਯੋਗ ਕਰਵਾਇਆ ਹੈ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ ਜਿਨ੍ਹਾਂ ਨੇ ਸਾਨੂੰ ਨਾਮ ਦਿੱਤਾ ਹੈ, ਜਿਨ੍ਹਾਂ ਨੇ ਇਸ ਨਾਮ ਨਾਲ ਜੋੜ੍ਹਿਆ ਹੈ ਇਸ ਤਰ੍ਹਾਂ ਹੀ ਜੋੜ੍ਹੀ ਰੱਖਣ, ਇਹ ਮਨ ਵੀ ਉਨ੍ਹਾਂ ਦੇ ਚਰਨਾਂ ਵਿੱਚ ਲਗਾ ਰਹੇ। ਅੱਗੇ ਸ਼ਬਦ ਵਿੱਚ ਹੁਕਮ ਕਰਦੇ ਨੇ ਸਤਿਗੁਰੂ ਧੰਨ ਹੈ ਜਿਨ੍ਹਾਂ ਨੂੰ ਮਿਲਿਆ ਮੈਨੂੰ ਸ਼ਾਂਤੀ ਆਈ ਹੈ। ਸੱਚੇ ਪਾਤਸ਼ਾਹ ਵੀ ਕਿਰਪਾ ਕਰਨ ਬਖਸ਼ਿਸ਼ ਕਰਨ ਸਾਡੇ ਮਨ ਨੂੰ ਵੀ ਸ਼ਾਂਤੀ ਪ੍ਰਾਪਤ ਹੋਵੇ।

ਕੱਲ੍ਹ ਵੀ ਆਪਾਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਦੀ ਗੱਲ ਕਰਦੇ ਰਹੇ ਹਾਂ **ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਸਹ ਪਰੇਤ ਸੁਰਿ ਨਰ ਭਇਅ............** ਇਹ ਸਾਡੇ ਤੇ ਵੀ ਹੈ ਸਾਨੂੰ ਉਹ ਮੌਕਾ ਮਿਲਿਆ ਸਾਡੇ ਵੱਡੇ ਭਾਗ ਹੋਏ ਤੇ ਅਸੀਂ ਉਹ ਚਰਨ ਪਰਸ ਸਕੇ ਤੇ ਸਾਨੂੰ ਸੁਰ ਨਰ ਬਣਨ ਦਾ ਇਕ ਮੌਕਾ ਮਿਲਿਆ। ਇਹ ਪ੍ਰਯੋਗ 40 ਦਿਨਾਂ ਦਾ ਹੁੰਦਾ ਸੀ ਹੁਣ ਮਹੀਨੇ ਦਾ ਹੋ ਗਿਆ ਹੈ। ਸੰਗਤ ਦੇ ਚਰਨਾਂ ਵਿੱਚ ਅਰਜ਼ ਬੇਨਤੀ ਹੈ ਕਿ ਭੈਣੀ ਸਾਹਿਬ 7-8 ਘੰਟੇ ਨਾਮ-ਸਿਮਰਨ ਹੁੰਦਾ ਰਿਹਾ। ਕਿਤੇ ਦੋ ਘੰਟੇ ਹੁੰਦਾ ਰਿਹਾ, ਕਿਤੇ ਇਕ ਘੰਟਾ ਹੁੰਦਾ ਰਿਹਾ। ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਦੁਹਰਾਉਂਦਿਆਂ ਹੋਇਆ ਕੁਝ ਚੀਜ਼ਾਂ ਤੇ ਆਪਾਂ ਜ਼ਰੂਰ ਚੱਲਦੇ ਰਹੀਏ, ਅੰਮ੍ਰਿਤ ਵੇਲੇ ਦਾ ਉਠਣਾ ਬੰਦ ਨਾ ਹੋਵੇ, ਨਾਮ ਸਿਮਰਨ ਤੁਹਾਡਾ ਨਾ ਘਟੇ, ਗੁਰਬਾਣੀ ਦਾ ਪਾਠ ਜ਼ਰੂਰ ਸਾਰਿਆਂ ਨੂੰ ਆਉਂਦਾ ਹੋਵੇ। ਗੁਰਬਾਣੀ ਉਹ ਫ਼ਿਲਾਸਫੀ ਹੈ ਜੋ ਸਾਨੂੰ ਸਦਾ ਹੀ ਸੁੱਖ ਦੇਣ ਵਾਲੀ ਹੈ। ਗੁਰਬਾਣੀ ਉਹ ਸੱਚ ਹੈ ਜੋ ਆਦਿ ਅੰਤ ਸਦਾ ਹੀ ਸੱਚ ਹੈ। ਅਸੀਂ ਸਿਰਫ ਮੱਥਾ ਟੇਕਣ ਤੱਕ ਨਾ ਰਹਿ ਜਾਈਏ। ਤੁਹਾਨੂੰ ਗੁਰਬਾਣੀ ਦਾ ਪਾਠ ਆਉਂਦਾ ਹੋਵੇ। ਜਿਨੀਆਂ ਬਾਣੀਆਂ ਸੱਚੇ ਪਾਤਸ਼ਾਹ ਨੇ ਘੱਟ ਤੋਂ ਘੱਟ ਹੁਕਮ ਕੀਤੀਆਂ ਨੇ ਜਪ, ਜਾਪੁ ਦੋਵਾਂ ਦੇ ਹਜ਼ਾਰੇ, ਰਹਿਰਾਸ, ਕੀਰਤਨ ਸੋਹਲਾ, ਇਹ ਕੋਈ ਜਿਆਦਾ ਨਹੀਂ। ਬਾਰ-ਬਾਰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਚੰਡੀ ਦੀ ਵਾਰ ਦਾ ਹੁਕਮ ਕੀਤਾ ਹੈ। ਇਨ੍ਹੀਆਂ ਬਾਣੀਆਂ ਜੇ ਅਸੀਂ ਪੜ੍ਹ ਸਕੀਏ ਇਕ ਬੜੀ ਵਧੀਆਂ ਸ਼ੁਰੂਆਤ ਹੋਵੇਗੀ। ਮੈਂ ਅਕਸਰ ਕਹਿੰਦਾ ਹਾਂ ਕਿ ਹਰੇਕ ਨਾਮਧਾਰੀ ਪਾਠੀ ਹੋਵੇ। ਤੁਹਾਡੇ ਵਾਸਤੇ ਕੋਈ ਮੁਸ਼ਕਿਲ ਨਹੀਂ ਜੋ ਤੁਸੀਂ ਪੰਜਾਬ ਹਰਿਆਣੇ ਵਿੱਚ ਜੰਮੇ ਹੋ, ਜਿਨ੍ਹਾਂ ਦੀ ਮਾਤਰ ਭਾਸ਼ਾ ਪੰਜਾਬੀ ਹੈ। ਜਿਨ੍ਹਾਂ ਨੇ ਗੁਰਮੁਖੀ ਲਿਪੀ ਵਿੱਚ ਪੜ੍ਹਿਆ ਹੈ। ਉਹਨਾਂ ਵਾਸਤੇ ਮੁਸ਼ਕਿਲ ਨਹੀਂ ਹੈ ਤਾਂ ਕਿ ਇਸ ਤਰ੍ਹਾਂ ਦਾ ਮਹੌਲ ਬਣ ਜਾਵੇ ਤੁਹਾਨੂੰ ਬਾਹਰੋਂ ਪਾਠ ਨਾ ਕਰਵਾਉਣਾ ਪਵੇ। ਤੁਹਾਨੂੰ ਪਾਠ ਮੁੱਲ ਨਾ ਲੈਣੇ ਪੈਣ। ਤੁਸੀਂ ਹਰ ਕੋਈ ਪਾਠ ਕਰ ਸਕੋ। ਜਿਆਦਾ ਟਾਇਮ ਨਹੀਂ ਲੱਗਦਾ ਤੁਸੀਂ ਰੋਜ਼ ਪੰਜ ਪੱਤਰੇ ਦਸ ਪੱਤਰੇ ਪਾਠ ਕਰ ਸਕਦੇ ਹੋ। ਸਾਰੇ ਘਰ ਦੇ ਜੀਅ ਪਾਠ ਕਰਨ ਲਗ ਜਾਣ ਤਾਂ ਪਾਠ ਬੜੇ ਹੋ ਜਾਂਦੇ ਹਨ। ਇਹ ਹੁਕਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੈ। ਹੁਕਮ ਸ਼ਾਇਦ ਤੁਹਾਨੂੰ ਕਈਆਂ ਨੂੰ ਯਾਦ ਹੋਵੇ ਗਰੀਬ ਨਿਵਾਜ਼ ਜੀ ਨੇ ਹੁਕਮ ਕੀਤਾ ਸੀ ਕਿ ਇਕ ਮਹੀਨੇ ਦਾ ਇਕ ਪਾਠ ਪਰਿਵਾਰ ਪ੍ਰਤੀ ਹੋਵੇ। ਇਕ ਮਹੀਨੇ ਵਿਚ ਨਹੀਂ ਹੁੰਦਾ, ਦੋ ਮਹੀਨੇ ਵਿੱਚ ਹੋ ਜਾਵੇ, ਤਿੰਨ ਮਹੀਨੇ ਵਿੱਚ ਹੋ ਜਾਵੇ ਪਰ ਅਸੀਂ ਉਸ ਗੁਰਬਾਣੀ ਨਾਲ ਜੁੜੇ ਰਹੀਏ। ਕਿਉਂਕਿ ਜਦੋਂ ਅਸੀਂ ਨਾਮ ਤੇ ਗੁਰਬਾਣੀ ਨਾਲ ਜੁੜ ਜਾਨੇ ਹਾਂ ਸਾਡਾ ਮਨ ਸੁਖੀ ਹੋ ਜਾਂਦਾ ਹੈ।

ਇਹ ਸਾਡੇ ਸੁੱਖ ਵਾਸਤੇ ਹੀ ਹੈ। ਮੈਂ ਕੱਲ ਵੀ ਗੱਲ ਕਰਦਾ ਸੀ, ਜਦੋਂ ਤੁਸੀਂ ਸੱਚੀ ਮੁੱਚੀ ਗੁਰਬਾਣੀ ਨਾਲ ਜੁੜਦੇ ਹੋ ਓਂਦਨ ਇਥੇ ਸੰਤ ਵੀ ਆਏ ਸੀ, ਜਿਹੜਾ ਵੀ ਗੁਰਬਾਣੀ ਨਾਲ ਜੁੜਦਾ ਹੈ ਉਹਦੇ ਮਨ ਵਿਚੋਂ ਦਵੈਸ਼ ਮੁੱਕ ਜਾਂਦੀ ਹੈ। ਉਹਦੇ ਮਨ ਵਿਚੋਂ ਈਰਖਾ ਮੁੱਕ ਜਾਂਦੀ ਹੈ।ਜਿਨ੍ਹਾਂ ਜਿਨ੍ਹਾਂ ਆਪਾਂ ਜੁੜਦੇ ਹਾਂ ਓਨ੍ਹਾ ਓਨ੍ਹਾ ਸਾਡਾ ਮਨ ਸੁਖੀ ਹੋਣ ਲੱਗ ਜਾਂਦਾ ਹੈ। ਸਾਡੇ ਮਨ ਦੇ ਅੰਦਰ ਦਇਆ ਆ ਜਾਂਦੀ ਹੈ। ਸਾਡੇ ਮਨ ਦੇ ਅੰਦਰ ਖਿਮਾ ਆ ਜਾਂਦੀ ਹੈ। ਮੈਂ ਅਰਜ਼ ਕਰਾਂ ਕੱਲ੍ਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣਦੇ ਸੀ ਸੱਚੇ ਪਾਤਸ਼ਾਹ ਹੁਕਮ ਕੀਤਾ ਹੈ ਕਿ ਦਇਆ ਧਰਮ ਦਾ ਮੂਲ ਹੈ। ਇਹ ਬਚਨ ਸੱਚੇ ਪਾਤਸ਼ਾਹ ਦਾ ਬਿਲਕੁਲ ਠੀਕ ਹੈ। ਜਿਸ ਧਰਮ ਵਿੱਚ ਦਇਆ ਨਹੀਂ ਮੈਂ ਸਮਝਦਾ ਹਾਂ ਕਿ ਉਥੇ ਧਰਮ ਹੀ ਨਹੀਂ। ਸੱਚੇ ਪਾਤਸ਼ਾਹ ਜਪੁਜੀ ਸਾਹਿਬ ਵਿੱਚ ਹੁਕਮ ਕੀਤਾ ਹੈ ਕਿ "ਧੌਲੁ ਧਰਮੁ ਦਇਆ ਕਾ ਪੂਤੁ" ਫਿਰ ਹੁਕਮ ਕਰਦੇ ਨੇ ਅੱਠ ਸੱਠ ਤੀਰਥ ਸਗਲ ਪੁਨ ਜੀਅ ਦਇਆ ਪਰਵਾਨ ਸਾਰੇ ਤੀਰਥ ਹੀ ਉਥੇ ਨੇ ਜੇ ਤੁਸੀਂ ਜੀਆ ਤੇ ਦਇਆ ਕਰਦੇ ਹੋ। ਜਦੋਂ ਸਾਡੇ ਅੰਦਰ ਦਇਆ ਆ ਜਾਂਦੀ ਹੈ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਖਿਮਾ ਧੀਰਜ ਰੱਖਣਾ। ਇਕ ਹੋਰ ਹੁਕਮਨਾਮੇ ਵਿੱਚ ਹੈ ਕਿ ਖਿਮਾ ਦਾ ਕੰਮ ਬਹੁਤ ਵੱਡਾ ਹੈ। ਸਾਨੂੰ ਵੀ ਇਹ ਦਾਨ ਮਿਲੇ ਸਾਡੇ ਅੰਦਰ ਵੀ ਦਇਆ ਖਿਮਾ ਧੀਰਜ ਆਵੇ। ਅਸੀਂ ਸੱਚੇ ਪਾਤਸ਼ਾਹ ਜੀ ਦੇ ਹੁਕਮਾਂ ਤੇ ਚੱਲ ਸਕੀਏ। ਮਹਾਨ ਸਿੱਖੀ ਗੁਰੂ ਨਾਨਕ ਦੇਵ ਜੀ ਨੇ ਬਖਸ਼ੀ ਹੈ ਤੇ ਜਿਸ ਖਾਲਸਾ ਪੰਥ ਦੀ ਸਾਜਨਾ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ ਤੇ ਜਿਸ ਦੀ ਨੀਂਹ ਪੱਕੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ ਹੈ ਤੇ ਅਠਸਠਿ ਤੀਰਥ ਸਗਲ ਪੁੰਨ ਕੀਅ ਦਇਆ ਪਰਵਾਨੁ। ਸਾਨੂੰ ਦ੍ਰਿੜ ਕਰਵਾਇਆ ਹੈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ। ਇਹਦੀ ਇਕ ਵਿਲੱਖਣਤਾ ਹੈ ਸਾਰਿਆਂ ਵਾਸਤੇ ਦਇਆ ਹੈ, ਕਿਸੇ ਵਾਸਤੇ ਘ੍ਰਿਣਾ ਨਹੀਂ ਹੈ। ਸਾਨੂੰ ਉਹ ਸੰਗ ਮਿਲੇ ਜਿਹਦੇ ਨਾਲ ਸਾਡੇ ਅੰਦਰ ਦੀ ਈਰਖਾ ਮੁੱਕ ਜਾਵੇ। ਸੋ ਇਹ ਅਰਦਾਸ ਹੈ ਸੱਚੇ ਪਾਤਸ਼ਾਹ ਜੀ ਕਿਰਪਾ ਕਰਨ ਇਸੇ ਤਰ੍ਹਾਂ ਸਾਧ ਸੰਗਤ ਜੁੜਦੀ ਰਹੇ। ਇਸੇ ਤਰ੍ਹਾਂ ਅਸੀਂ ਉਹਨਾਂ ਦੇ ਹੁਕਮਾਂ ਤੇ ਚੱਲ ਕੇ ਵੱਧ ਤੋਂ ਵੱਧ ਨਾਮ ਸਿਮਰਨ ਕਰ ਸਕੀਏ। ਇਕ ਕੱਲ ਵੀ ਸ਼ਾਮ ਸਿੰਘ ਨੇ ਅਰਜ਼ ਕੀਤੀ ਸੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਹੈ ਤੇ ਤਿੰਨ ਵਾਰੀ ਸਵਾ ਲੱਖ ਪਾਠ ਹੋਏ ਹਨ। ਹੁਣ ਅਸੀਂ ਸੋਚਿਆਂ ਸੀ ਕਿ ਸਵਾ ਲੱਖ ਪਾਠ ਨੂੰ ਬਹੁਤ ਲੰਮਾ ਸਮਾਂ ਲਗਦਾ ਹੈ ਇਸ ਲਈ 11-11 ਹਜ਼ਾਰ ਕਰਕੇ ਸਵਾ ਲੱਖ ਪਾਠ ਕਰੀਏ। ਸੋ ਪਾਠ ਸ਼ੁਰੂ ਕੀਤੇ ਹਨ। ਸੰਗਤ ਦੇ ਕੋਲ ਅਰਜ਼ ਹੈ ਕਿ ਅਜੇ ਵੀ 5 ਹਜ਼ਾਰ ਸ਼ਬਦ ਨੇ ਜਿਹਦੇ ਵਿਚੋਂ 2 ਹਜ਼ਾਰ ਸ਼ਬਦ ਵੰਡੇ ਗਏ ਹਨ ਤੇ 3 ਹਜ਼ਾਰ ਸ਼ਬਦ ਅਜੇ ਵੰਡਣ ਵਾਲੇ ਹਨ। ਤੁਸੀਂ ਸਾਰੇ ਉਹ ਸ਼ਬਦ ਲਵੋ। ਤੁਹਾਡੇ ਇਲਾਕਿਆਂ ਵਿੱਚ ਇਕ-ਇਕ ਬੰਦੇ ਦੀ ਜ਼ਿੰਮੇਵਾਰੀ ਲਗਾਈ ਹੈ। ਤੁਸੀਂ ਉਨ੍ਹਾਂ ਤੋਂ ਸ਼ਬਦ ਲੈ ਸਕਦੇ ਹੋ। ਇੱਥੇ ਸ਼ਾਮ ਸਿੰਘ ਹੁਣਾ ਤੋਂ ਸ਼ਬਦ ਲੈ ਸਕਦੇ ਹੋ। ਆਪਾਂ ਜਲਦੀ ਤੋਂ ਜਲਦੀ ਪਾਠ ਕਰੀਏ। ਆਪਣੇ ਕੋਲ ਟਾਇਮ ਬਹੁਤ ਹੁੰਦਾ ਹੈ। ਪਾਠ ਸਿੱਖ ਕੇ ਹਰ ਕੋਈ ਕਰ ਸਕਦਾ ਹੈ। ਕੋਸ਼ਿਸ਼ ਕਰੀਏ ਕਿ ਸਾਡਾ ਪਾਠ ਸ਼ੁੱਧ ਹੋਵੇ, ਤੁਸੀਂ ਸੁਣਾ ਕੇ ਪਾਠ ਸ਼ੁੱਧ ਕਰ ਸਕਦੇ ਹੋ। ਮੈਂ ਇਕ ਵਾਰੀ ਜ਼ਰੂਰ ਉਸ ਹਸਤੀ ਨੂੰ ਯਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਭੈਣੀ ਸਾਹਿਬ ਦਾ ਜੋ ਨਿਰਮਾਣ ਹੋਇਆ ਹੈ, ਤੁਹਾਨੂੰ ਬਹੁਤ ਸਾਰਿਆਂ ਨੂੰ ਕਮਰੇ ਮਿਲੇ ਹਨ, ਜੋ ਇਹ ਮੰਦਰ ਬਣੇ ਹਨ ਉਹ ਮਾਤਾ ਚੰਦ ਕੌਰ ਜੀ ਦੀ ਕਿਰਪਾ ਕੋਈ ਹੈ। ਮੈਂ ਉਹ ਸਮਾਂ ਵੀ ਬਹੁਤ ਨੇੜਿਓਂ ਦੇਖਿਆ ਹੈ। ਤੁਸੀਂ ਵੀ ਦੇਖਿਆ ਹੈ। ਜਦੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਬੜੇ ਸਾਲ ਬਚਨ ਨਹੀਂ ਕੀਤੇ। ਸਿਹਤ ਨਹੀਂ ਠੀਕ ਸੀ। ਸਾਨੂੰ ਸਾਰਿਆਂ ਨੂੰ ਮਾਤਾ ਜੀ ਨੇ ਇਕ ਮਾਂ ਵਾਂਗੂ ਪਿਆਰ ਦੇ ਕੇ ਪਾਲਿਆ। ਬੜੇ ਔਖੇ ਟਾਇਮ ਵਿੱਚ ਮਾਤਾ ਜੀ ਨੇ ਇਸ ਪੰਥ ਦੀ ਸੇਵਾ ਕੀਤੀ ਹੈ ਤੇ ਬੜੀ ਸਾਦਗੀ ਵਿੱਚ ਕੀਤੀ ਹੈ। ਕਿਸ ਤਰ੍ਹਾਂ ਹਰ ਸਿੱਖ ਦਾ ਦਰਦ ਆਪਣੇ ਬੱਚੇ ਦਾ ਦਰਦ ਸਮਝਿਆ ਹੈ। ਉਨ੍ਹਾਂ ਦੇ ਚਰਨਾਂ ਵਿੱਚ ਵੀ ਨਮਸਕਾਰ ਕਰਦਾ ਹਾਂ ਬਹੁਤ ਸਾਰਿਆਂ ਨੂੰ ਡੇਰੇ ਨਹੀਂ ਮਿਲੇ ਹੋਣੇ ਇਥੇ ਆਇਆ ਨੂੰ ਤਕਲੀਫ਼ ਵੀ ਹੋਈ ਹੋਣੀ ਹੈ। ਸਾਧ ਸੰਗਤ ਆਈ ਹੈ ਸੇਵਾਦਾਰਾਂ ਵੱਲੋਂ, ਮੈਂ ਖਿਮਾ ਦਾ ਜਾਚਕ ਹਾਂ। ਜਿਨ੍ਹਾਂ ਨੇ ਸੇਵਾ ਕੀਤੀ ਹੈ। ਮੈਂ ਸਮਝਦਾ ਹਾਂ ਕਿ ਧੰਨਵਾਦ ਬੜੀ ਛੋਟੀ ਗੱਲ ਹੈ। ਉਨ੍ਹਾਂ ਦੇ ਵੱਡੇ ਭਾਗ ਨੇ ਇਹ ਸੇਵਾ ਦਾ ਮੌਕਾ ਭਾਗਾਂ ਤੋਂ ਬਿਨ੍ਹਾਂ ਮਿਲਦਾ ਨਹੀਂ। ਲੰਗਰ ਵਿੱਚ ਸੇਵਾ ਕੀਤੀ ਹੈ ਜੋੜਿਆਂ ਦੀ ਸੇਵਾ ਕੀਤੀ ਹੈ, ਸਫ਼ਾਈ ਦੀ ਸੇਵਾ ਕੀਤੀ ਹੈ, ਪ੍ਰਬੰਧ ਦੀ ਸੇਵਾ ਕੀਤੀ ਹੈ, ਉਹ ਰਾਗੀ ਵੀ ਧੰਨ ਨੇ ਜਿਨ੍ਹਾਂ ਗੁਰਬਾਣੀ ਗਾ ਕੇ ਸੁਣਾਈ ਹੈ, ਉਹ ਜਥੇਦਾਰ ਵੀ ਧੰਨ ਨੇ ਜਿਨ੍ਹਾਂ ਨੇ ਹਰ ਜੱਸ ਕੀਤਾ ਹੈ। ਸੋ ਸਤਿਗੁਰੂ ਸੱਚੇ ਪਾਤਸ਼ਾਹ ਜੀ ਸਾਡੇ ਤੇ ਇਸੇ ਤਰ੍ਹਾਂ ਕਿਰਪਾ ਕਰਦੇ ਰਹਿਣ। ਜਿਸ ਤਰ੍ਹਾਂ ਦਾ ਉਹ ਚਾਹੁੰਦੇ ਨੇ ਅਸੀਂ ਉਸ ਤਰ੍ਹਾਂ ਦੇ ਬਣ ਸਕੀਏ। ਸਾਡੇ ਤੋਂ ਬੁਰਾ ਕੰਮ ਹੋਵੇ ਹੀ ਨਾ, ਤਾਂ ਕਿ ਸਤਿਗੁਰੂ ਸੱਚੇ ਪਾਤਸ਼ਾਹ ਦੀ ਸਦਾ ਹੀ ਸੋਭਾ ਹੋਵੇ। ਆਉਣ ਵਾਲਾ ਹੋਲਾ ਉਸ ਦਿਨ ਹਰਪਾਲ ਸਿੰਘ ਨੇ ਵੀ ਦੱਸਿਆ ਸੀ ਗੁਰਨਾਮ ਸਿੰਘ ਤੇ ਨਿਸ਼ਾਨ ਸਿੰਘ ਜਿਹੜੇ ਸੂਬਾ ਕਰਤਾਰ ਸਿੰਘ ਜੀ ਹੋਠੀਆਂ ਵਾਲ਼ਿਆਂ ਦੇ ਪੁੱਤਰ ਨੇ ਉਨ੍ਹਾਂ ਵੱਲੋਂ ਹੋਣਾ ਹੈ। ਸਾਧ ਸੰਗਤ ਸਾਰਿਆਂ ਕੋਲ ਬੇਨਤੀ ਹੈ ਕਿ ਤੁਸੀਂ ਹੁਣ ਜਾਣਾ ਹੈ। ਮੇਲਾ ਭਰਿਆ ਹੋਣ ਕਰਕੇ ਕੱਲੇ-ਕੱਲੇ ਨੂੰ ਵੱਖਰਾ ਮਿਲ ਨਹੀਂ ਸਕਣਾ, ਇਥੋਂ ਹੀ ਸਾਰਿਆਂ ਨੂੰ ਖੁਸ਼ੀਆਂ ਨੇ। ਜਿਨ੍ਹਾਂ ਨੇ ਜਾਣਾ ਹੈ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਬੜੇ ਅਰਾਮ ਨਾਲ ਜਾਵੋ। ਇਸੇ ਤਰ੍ਹਾਂ ਘਰ ਵਿੱਚ ਵੀ ਸੁੱਖੀ ਸਾਂਦੀ ਰਹੋ। ਏਨੀ ਅਰਜ਼ ਕਰਕੇ ਆਪ ਸਭ ਤੋਂ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ।

# ਖੁਸ਼ ਵਸੀਂ ਓਹ ਦੇਸ ਅਸਾਡਿਆ !



**ਭਜਨ ਸਿੰਘ**
**99884-45538**

1857 ਈ. ਦੇ ਗ਼ਦਰ ਦਾ ਇਤਿਹਾਸਕਾਰਾਂ ਨੇ ਪੰਜਾਬੀਆਂ ਦੀ ਸ਼ਮੂਲੀਅਤ ਇਤਿਹਾਸ ਵਿੱਚ ਇੰਜ ਪੇਸ਼ ਕੀਤੀ ਹੈ ਜਿਵੇਂ ਉਨ੍ਹਾਂ ਭਾਰਤੀਆਂ ਨਾਲ ਗ਼ਦਾਰੀ ਕੀਤੀ ਹੋਵੇ। ਆਮ ਧਾਰਨਾ ਹੀ ਬਣ ਗਈ 1857 ਈ. ਵਿੱਚ ਜੇਕਰ ਪੰਜਾਬ ਨੇ ਬਰਤਾਨਵੀ ਬਸਤੀਕਾਰਾਂ ਨਾਲ ਗ਼ੱਦਾਰੀ ਨਾ ਕੀਤੀ ਹੁੰਦੀ ਤਾਂ ਭਾਰਤ ਦਾ ਇਤਿਹਾਸ ਕੁਝ ਹੋਰ ਹੁੰਦਾ। ਬਿਨਾਂ ਇਤਿਹਾਸਕ ਤੱਥਾਂ ਦੀ ਪੁਣ-ਛਾਣ ਕੀਤੇ, ਬਰਤਾਨੀਆ ਇਤਿਹਾਸਕਾਰਾਂ ਤੇ ਕੁਝ ਭਾਰਤੀ ਲੇਖਕਾਂ ਵੀ ਇਹ ਧੱਬਾ ਪੰਜਾਬੀਆਂ 'ਤੇ ਪੁਰਜ਼ੋਰ ਲਾਇਆ। ਦਰਅਸਲ ਇਸ ਲੜਾਈ ਨੇ ਪੰਜਾਬੀਆਂ 'ਤੇ ਦੋਹਰਾ ਹਮਲਾ ਕੀਤਾ। ਪਹਿਲਾ ਬਸਤੀਕਾਰਾਂ ਦਾ 1857 ਈ. ਦੇ ਵਰ੍ਹੇ ਸਮੇਂ ਪੰਜਾਬੀਆਂ 'ਤੇ ਬੇਇੰਤਹਾ ਤਸ਼ੱਦਦ, ਦੂਜਾ ਇਤਿਹਾਸਕਾਰਾਂ ਨੇ ਉਨ੍ਹਾਂ ਜ਼ੁਲਮ ਸਹਿੰਦਿਆਂ ਸ਼ਹੀਦ ਹੋ ਗਏ ਪੰਜਾਬੀਆਂ ਨਾਲ ਨਿਆਂ ਨਹੀਂ ਕੀਤਾ। ਇੱਥੇ ਇਤਿਹਾਸਕਾਰ ਇੱਕਪਾਸੜ ਭੁਗਤੇ, ਪਰ ਲੋਕ ਪਰੰਪਰਾ ਅਤੇ ਲੋਕ ਸਿਮਰਤੀ ਵਿੱਚ ਉਸ ਦੌਰ ਦੇ ਨਾਇਕਾਂ ਨੂੰ ਖ਼ਾਸ ਜਗ੍ਹਾ ਮਿਲੀ। "ਲੋਕ ਪਰੰਪਰਾ ਦੇ ਅਵਚੇਤਨ ਅਤੇ ਸਿਮਰਤੀ ਵਿੱਚ ਪਏ ਅਜਿਹੇ ਵੇਰਵੇ ਉਨ੍ਹਾਂ ਲੋਕ ਨਾਇਕਾਂ ਦਾ ਸਿਮਰਨ ਕਰਦੇ ਹਨ ਜਿਨ੍ਹਾਂ ਨੇ ਮਾਤ-ਭੂਮੀ ਲਈ ਆਪਣੀ ਕੁਰਬਾਨੀ ਦਿੱਤੀ। ਇਹ ਨਾਇਕ 1857 ਦੇ ਇਤਿਹਾਸ ਦੇ ਉਹ ਜੁਜ਼ ਹਨ ਜਿਨ੍ਹਾਂ ਨੇ ਬਰਤਾਨਵੀ ਬਸਤੀਕਾਰਾਂ ਲਈ ਭਿਅੰਕਰ ਹਾਲਾਤ ਬਣਾ ਦਿੱਤੇ ਸਨ।"[1]

ਬਦਰੀ ਨਾਰਾਇਣ ਲਿਖਦੇ ਹਨ- "ਲੋਕ ਸੰਸਕ੍ਰਿਤੀ, ਮੌਖਿਕ ਸ੍ਰੋਤ, ਲੋਕ ਕਥਾਵਾਂ, ਮੁਹਾਵਰਿਆਂ ਦਾ ਪਿਛਲੇ ਦਿਨਾਂ ਵਿਚ 1857 ਦਾ ਇਤਿਹਾਸ ਲਿਖਣ ਵਿੱਚ ਮਹੱਤਵਪੂਰਨ ਰੂਪ ਵਿੱਚ ਪ੍ਰਵੇਸ਼ ਹੋਇਆ ਹੈ। ਇਸ ਪ੍ਰਵੇਸ਼ ਨਾਲ ਨਾ ਸਿਰਫ਼ ਸੰਘਰਸ਼ ਦੀ ਨਵੀਂ ਕਹਾਣੀ ਉੱਭਰੀ ਹੈ ਬਲਕਿ ਅਨੇਕ ਜਨ ਨਾਇਕ ਉੱਭਰ ਕੇ ਸਾਹਮਣੇ ਆਏ ਹਨ। ਝਾਂਸੀ ਦੀ ਰਾਣੀ ਦੇ ਨਾਲ-ਨਾਲ ਝਲਕਾਰੀ ਬਾਈ ਅਤੇ ਉਦਾ ਦੇਵੀ, ਨਾਨਾ ਸਾਹਿਬ ਦੀ ਕਹਾਣੀ ਦੇ ਨਾਲ-ਨਾਲ ਗੰਗੂ ਬਾਬਾ ਅਤੇ ਮੈਨਾਵਤੀ, ਕੁੰਵਰ ਸਿੰਘ ਦੀ ਕਹਾਣੀ ਵਿੱਚ ਹਰਿਕਿਸ਼ਨ ਸਿੰਘ, ਨਿਸ਼ਾਨ ਸਿੰਘ, ਦਿਲਾਵਰ ਖਾਂ, ਰੰਜੀਤ ਰਾਮ, ਰਹੀਮ ਖ਼ਾਂ, ਜਿਹੇ ਨਾਇਕ ਉੱਭਰ ਕੇ ਸਾਹਮਣੇ ਆਏ ਹਨ। ਅਨੇਕ ਵੇਸਵਾਵਾਂ ਜਿਵੇਂ ਧਰਮਨ ਬੀਬੀ, ਅਜੀਵਨ ਬਾਈ, ਸੁੰਦਰ ਵੇਸਵਾ ਜਿਹੀਆਂ ਅਨੇਕ ਇਸਤਰੀਆਂ 1857 ਦੇ ਸੰਘਰਸ਼ ਦੇ ਇਤਿਹਾਸ ਵਿੱਚ ਮਹੱਤਵਪੂਰਨ ਭਾਗੀਦਾਰੀ ਦੀ ਮੰਗ ਕਰਨ ਲੱਗੀਆਂ ਹਨ।"[2]

ਐਸੇ ਕਈ ਅਣਗੌਲੇ ਪਾਤਰਾਂ ਦਾ ਜ਼ਿਕਰ ਲੋਕ ਸਾਹਿਤ ਵਿੱਚ ਹੋਇਆ ਮਿਲਦਾ ਹੈ। ਪੰਜਾਬ ਵਿੱਚ ਜਿਨ੍ਹਾਂ ਨਾਇਕਾਂ ਨੂੰ ਬਰਤਾਨਵੀ ਹਕੂਮਤ ਚੋਰ, ਠੱਗ, ਡਾਕੂ ਆਦਿ ਵਿਸ਼ੇਸ਼ਣ ਦੇ ਕੇ ਭੰਡਦੀ ਸੀ ਅਤੇ ਸਰਕਾਰ ਪੱਖੀ ਇਤਿਹਾਸਕਾਰ ਉਨ੍ਹਾਂ ਦਾ ਜ਼ਿਕਰ ਤੱਕ ਇਤਿਹਾਸ ਵਿੱਚ ਕਰਨਾ ਨਹੀਂ ਸਨ ਚਾਹੁੰਦੇ, ਉਹ ਦਰਅਸਲ ਬਰਤਾਨਵੀ ਬਸਤੀਕਾਰਾਂ ਨੂੰ ਭਾਰਤ 'ਚੋਂ ਖਦੇੜਨ ਦਾ ਤਹੱਈਆ ਕਰੀ ਬੈਠੇ ਸਨ। ਭਾਈ ਮਹਾਰਾਜ ਸਿੰਘ ਦੀ ਕੁਰਬਾਨੀ, ਨਾਮਧਾਰੀ ਲਹਿਰ ਦਾ ਸੰਘਰਸ਼, ਸ਼ਾਮ ਦਾਸ ਫਕੀਰ, ਲੁਧਿਆਣੇ ਦੇ ਗੁੱਜਰਾਂ ਦਾ ਵਿਦਰੋਹ, ਰਾਮ ਸਿੰਘ ਪਠਾਣੀਆਂ ਆਦਿ ਉਹ ਲੋਕ ਹਨ, ਜਿਨ੍ਹਾਂ ਨੇ ਬਰਤਾਨਵੀ ਬਸਤੀਕਾਰਾਂ ਖਿਲਾਫ਼ ਪ੍ਰਚੰਡ ਯੁੱਧ ਲੜਿਆ। ਐਸੀ ਬਗਾਵਤ ਅਜੋਕੇ ਪਾਕਿਸਤਾਨ (ਪੱਛਮੀ ਪੰਜਾਬ) ਦੇ ਖਿੱਤੇ ਸਾਂਦਲ ਬਾਰ ਅਤੇ ਨੀਲੀ ਬਾਰ ਵਿਚ ਹੋਈ। ਇਸ ਬਗ਼ਾਵਤ ਦਾ ਸਰਕਾਰ ਪੱਖੀ ਕਿਸੇ ਇਤਿਹਾਸਕਾਰ ਨੇ ਜ਼ਿਕਰ ਤੱਕ ਨਹੀਂ ਕੀਤਾ। ਪਰ ਇਸ ਦਾ ਜ਼ਿਕਰ ਬਾਰ ਦੇ ਢੋਲਿਆਂ ਵਿੱਚ ਹੋਇਆ ਮਿਲਦਾ ਹੈ।

ਮੁਹੰਮਦ ਆਸਫ ਖਾਂ ਬਾਰ ਦੇ ਇਨ੍ਹਾਂ ਢੋਲਿਆਂ ਦੇ ਲੇਖਕ ਬਾਰੇ ਲਿਖਦਾ ਹੈ- "ਇਹ ਢੋਲਾ ਮੀਰਦਾਦ ਮੀਰਦਾਨਾ ਨੇ ਲਿਖਿਆ ਸੀ। ਇਸ ਸ਼ਾਇਰ ਦੇ ਨਾਂ ਤੇ ਸਾਹੀਵਾਲ ਤੋਂ ਸੱਤ ਮੀਲ ਦੀ ਵਿੱਥ ਤੇ 'ਮੀਰਦਾਦ ਮੁਆਫ਼ੀ' ਰੇਲਵੇ ਸਟੇਸ਼ਨ

ਹੈ। ਮੀਰ ਦਾਦ ਨੇ 1857 ਈ. ਦੀ ਜੰਗ-ਇ-ਆਜ਼ਾਦੀ ਦੇ ਉਨ੍ਹਾਂ ਵਾਕਿਆਤ ਨੂੰ ਲਿਖਿਆ ਹੈ, ਜੋ ਉਨ੍ਹਾਂ ਦਿਨਾਂ ਵਿੱਚ ਸਾਹੀਵਾਲ ਤੇ ਇਸਦੇ ਆਲੇ ਦੁਆਲੇ ਵਿੱਚ ਪੇਸ਼ ਆਏ ਸਨ।"[3] "...ਇਸ ਜੰਗ ਦੀ ਕਥਾ ਮੀਰਦਾਦ ਮੀਰਵਾਨਾ ਨੇ ਢੋਲਿਆਂ ਦੀ ਸ਼ਕਲ ਵਿਚ ਲਿਖੀ ਜਿਹੜੀ ਪੰਜਾਬ ਵਿਚ ਲੋਕ-ਸ਼ਾਇਰੀ ਦਾ ਰੂਪ ਧਾਰ ਗਈ।"[4]

1857 ਈਸਵੀ ਦੇ ਗ਼ਦਰ ਸਮੇਂ ਪੰਜਾਬ ਦੇ ਖਰਲ ਕਬੀਲੇ ਨੇ ਬਰਤਾਨਵੀ ਬਸਤੀਵਾਦ ਖਿਲਾਫ਼ ਬਗ਼ਾਵਤ ਕਰ ਦਿੱਤੀ। ਇਹ ਬਾਗ਼ੀ ਸਾਂਦਲ ਬਾਰ ਅਤੇ ਨੀਲੀ ਬਾਰ ਦੇ ਸਨ। ਸਾਂਦਲ ਬਾਰ ਅਜੋਕੇ ਪਾਕਿਸਤਾਨੀ ਪੰਜਾਬ ਦੇ ਝਨਾਂ ਅਤੇ ਰਾਵੀ ਦਰਿਆਵਾਂ ਦੇ ਵਿਚਕਾਰਲਾ ਖੇਤਰ ਹੈ। ਇਹ ਰਚਨਾ ਦੁਆਬ ਦੇ ਦੱਖਣੀ ਹਿੱਸੇ ਵਾਲਾ ਖਿੱਤਾ ਹੈ। ਇਹ ਲਗਭਗ 40 ਮੀਲ ਚੌੜਾ (ਪੱਛਮ ਤੋਂ ਪੂਰਬ) ਅਤੇ 80 ਮੀਲ ਲੰਮਾ (ਉੱਤਰ ਤੋਂ ਦੱਖਣ) ਵਿੱਚ ਫੈਲਿਆ ਹੋਇਆ ਖੇਤਰ ਹੈ। ਪਹਿਲਾਂ ਇਸ ਪੱਟੀ ਦਾ ਲਗਭਗ ਸਾਰਾ ਹਿੱਸਾ ਝੰਗ ਜ਼ਿਲ੍ਹੇ ਦਾ ਹਿੱਸਾ ਹੁੰਦਾ ਸੀ ਪਰ ਅੱਜ ਕੱਲ੍ਹ ਇਹ ਫ਼ੈਸਲਾਬਾਦ, ਝੰਗ ਅਤੇ ਟੋਬਾ ਟੇਕ ਸਿੰਘ ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ। ਨੀਲੀ ਬਾਰ ਰਾਵੀ ਅਤੇ ਸਤਲੁਜ ਦਰਿਆਵਾਂ ਵਿਚਕਾਰਲਾ ਖਿੱਤਾ ਹੈ। ਇਸ ਖੇਤਰ ਵਿੱਚ ਪ੍ਰਮੁੱਖ ਸ਼ਹਿਰ ਸਾਹੀਵਾਲ, ਓਕਾਟਾ ਅਤੇ ਪਾਕਪਟਨ ਹਨ।

ਰਾਵੀ ਦਰਿਆ ਦੇ ਉਰਲੇ ਪਾਸੇ ਨੀਲੀ ਬਾਰ ਅਤੇ ਪਰਲੇ ਪਾਸੇ ਵਾਲੀ ਸਾਂਦਲ ਬਾਰ ਦੇ ਕਬੀਲੇ ਖਰਲਾਂ, ਵੱਟੂਆਂ ਸਿਆਲਾਂ, ਭੱਟੀਆਂ, ਜ਼ੋਇਆਂ, ਫਤਿਆਣਿਆਂ ਆਦਿ ਨੇ ਅੰਗਰੇਜ਼ ਹਕੂਮਤ ਖ਼ਿਲਾਫ਼ ਵਿਦਰੋਹ ਕਰ ਦਿੱਤਾ। ਇਸ ਦਾ ਮੁੱਖ ਕਾਰਨ ਬਣਿਆ ਪੰਜਾਬ ਉੱਤੇ ਸਥਾਪਤ ਹੋਣ ਮਗਰੋਂ ਅੰਗਰੇਜ਼ਾਂ ਨੇ ਜਦੋਂ ਇਨ੍ਹਾਂ ਕਬੀਲਿਆਂ 'ਤੇ ਵੀ ਆਪਣਾ ਨਾਦਰਸ਼ਾਹੀ ਫੁਰਮਾਨ ਲਾਗੂ ਕਰਨ ਦਾ ਯਤਨ ਕੀਤਾ ਤਾਂ ਇਨ੍ਹਾਂ ਦੇ ਮੁਖੀ ਅਹਿਮਦ ਖ਼ਾਂ ਖਰਲ ਸਾਫ਼ ਇਨਕਾਰੀ ਹੋ ਗਿਆ। ਦੂਸਰੇ ਪਾਸੇ ਜਦੋਂ ਅਹਿਮਦ ਖ਼ਾਂ ਖਰਲ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਦਿੱਲੀ ਉੱਤੇ ਬਾਗ਼ੀਆਂ ਨੇ ਹਮਲਾ ਕਰ ਦਿੱਤਾ ਹੈ ਤਾਂ ਉਹ ਵੀ ਬਹਾਦਰ ਸ਼ਾਹ ਜ਼ਫ਼ਰ ਨੂੰ ਰਾਜਗੱਦੀ 'ਤੇ ਬਿਠਾਉਣਾ ਚਾਹੁੰਦੇ ਹਨ ਤਾਂ ਇਨ੍ਹਾਂ ਕਬੀਲਿਆਂ ਨੇ ਪੰਜਾਬ ਵਿਚ ਬਰਤਾਨਵੀ ਸਰਕਾਰ ਨੂੰ ਲਲਕਾਰਾ ਮਾਰ ਦਿੱਤਾ।

ਖਰਲ ਕਬੀਲੇ ਦਾ ਆਗੂ ਅਹਿਮਦ ਖ਼ਾਂ ਖਰਲ ਜ਼ਿਲ੍ਹਾ ਟੋਬਾ ਟੇਕ ਸਿੰਘ ਦੇ ਪਿੰਡ ਝਾਮਰਾ ਪਿੰਡ ਦਾ ਰਹਿਣ ਵਾਲਾ ਸੀ। ਰਾਵੀ ਦਰਿਆ ਦੇ ਕੰਢੇ ਦੇ ਦੋਵੇਂ ਪਾਸੇ ਦੇ ਲੋਕਾਂ ਦਾ ਉਹ ਹਰਮਨ ਪਿਆਰਾ ਆਗੂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਇਨ੍ਹਾਂ ਦੀ ਆਜ਼ਾਦ ਹੈਸੀਅਤ ਨੂੰ ਕਦੇ ਨਹੀਂ ਵੰਗਾਰਿਆ, ਸਗੋਂ ਇਨ੍ਹਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਸੰਬੰਧ ਸਨੇਹ ਪੂਰਵਕ ਸਨ। "ਮਹਾਰਾਜਾ ਰਣਜੀਤ ਸਿੰਘ ਲਾਹੌਰ ਫ਼ਤਹ ਕਰਕੇ ਬਾਰ ਵਿੱਚ ਗਿਆ, ਜਿੱਥੇ ਮਾਰ ਧਾੜ ਦੇ ਹੰਡੇ ਰਾਠ ਓਹਨੂੰ ਲੜਨਾ ਨਾ ਪਿਆ। ਇਥਾਵੇਂ ਰਾਠਾਚਾਰੀ ਨੂੰ ਓਹਨੇ ਮਿਲਨੀ ਦਾ ਸੱਦਾ ਦਿੱਤਾ। ਸੈਦਵਾਲਾ ਦੇ ਇਕੱਠ ਵਿੱਚ ਰਾਠਾਂ ਚੋਂ ਸਿਰਕੱਢ ਜੁਆਨ ਬਾਰੇ ਮਹਾਰਾਜੇ ਨਾਲ ਬੈਠੇ ਬੁੱਢੜੇ ਜੋਈਏ ਕੋਲੋਂ ਪੁੱਛਿਆ- "ਅਹਿਮਦ ਖ਼ਾਂ ਖਰਲ!" ਰਣਜੀਤ ਸਿੰਘ ਨੂੰ ਬੰਦੇ ਕਬੰਦੇ ਦੀ ਸੂਝ ਸਿਹਾਣ। ਅਹਿਮਦ ਖਾਨ ਖਰਲ ਨਾਲ ਓਹਦਾ ਸਾਂਗਾ ਨਿਕਲ ਆਇਆ, ਜੀਹਦਾ ਪਿਓ ਰਾਅ ਨੱਥੂ ਖਰਲ ਉਹਦੀ ਰਾਣੀ ਰਾਜ ਕੌਰ ਦਾ ਚਾਚਾ।"[5]

ਅਜਿਹਾ ਲੋਕ ਪਰੰਪਰਾ ਵਿੱਚੋਂ ਮਿਲਦੇ ਢੋਲਿਆਂ ਵਿੱਚੋਂ ਵੇਖਿਆ ਜਾ ਸਕਦਾ ਹੈ-

ਅੱਗੇ ਵੀ ਨਾਲ ਹਕੂਮਤ ਦੇ ਉਹ ਲੈਂਦਾ ਮੋਰਚੇ
ਉਸਤੋਂ ਵਲਾ ਕੇ ਲੰਘ ਜਾਂਦਾ
ਰਣਜੀਤ ਸਿੰਘ ਨਿਮਾਣਾ
ਉਨ੍ਹਾਂ ਖਰਲਾਂ ਅੱਗੇ ਵੈਰ ਮਿਰਜ਼ੇ ਖਾਨ ਦਾ ਜਾਲਿਆ ਹਈ
ਸਿਆਲਾਂ ਤੋਂ ਚੁੱਕੇ ਹਾਨੀਂ ਵਗ ਪੁਰਾਣੇ
ਉਹਨਾਂ ਖਰਲਾਂ ਆ ਕੇ ਜੰਗ
ਅਕਬਰ ਬਾਦਸ਼ਾਹ ਨਾਲ ਵੀ ਕੀਤਾ ਹਈ
ਮੈਦਾਨੋਂ ਕਦੀ ਨਾ ਉਹ ਡੋਲਾਨੇ

ਅਹਿਮਦ ਆਂਹਦਾ ਹੈ:

ਮੁਹਰਾਂ ਲਈਆਂ ਹਨ ਸੁਲਤਾਨ ਸਿਕੰਦਰ ਦੀਆਂ
ਓਥੋਂ ਦੇ ਮਾਲ ਅਸਾਹਾਂ।[6]

ਸਾਂਦਲ ਬਾਰ ਦੇ ਇਹ ਉਹੀ ਸੂਰੇ ਹਨ, ਜਿਨ੍ਹਾਂ ਦੇ ਵਡਿੱਕਿਆਂ ਨੇ ਕਿਸੇ ਸਮੇਂ ਸਿਕੰਦਰ ਬਾਦਸ਼ਾਹ ਨੂੰ ਰੋਕਿਆ ਸੀ, ਕਿਸੇ ਦੌਰ ਵਿੱਚ ਅਕਬਰ ਬਾਦਸ਼ਾਹ ਨੂੰ ਵੰਗਾਰਿਆ ਸੀ। ਰਾਜਾ ਪੋਰਸ, ਜਸਰਤ ਖੋਖਰ, ਦੁੱਲਾ ਭੱਟੀ ਆਦਿ ਨਾਇਕ ਇਨ੍ਹਾਂ ਦੇ ਹੀ ਵਡਿੱਕੇ ਸਨ। ਜਦੋਂ 1857 ਈ. ਦੇ ਗ਼ਦਰ ਨੂੰ ਦਬਾਉਣ ਵਾਸਤੇ ਪੰਜਾਬ ਗਵਰਨਰ ਜਨਰਲ ਜਾਨ ਲਾਰੈਂਸ ਦੇ ਹੁਕਮ ਨਾਲ ਆਰਜ਼ੀ ਫ਼ੌਜੀ ਭਰਤੀ ਕੀਤੀ ਜਾ ਰਹੀ ਸੀ ਤਾਂ ਓਦੋਂ ਅੰਗਰੇਜ਼ ਅਧਿਕਾਰੀ ਬਰਕਲੇ ਅਹਿਮਦ ਖ਼ਾਂ ਖਰਲ ਕੋਲ ਵੀ ਪਹੁੰਚਿਆ। ਉਸ ਕੋਲੋਂ ਫ਼ੌਜ ਵਿੱਚ ਭਰਤੀ ਕਰਨ ਲਈ ਰੰਗਰੂਟ ਅਤੇ ਘੋੜਿਆਂ ਦੀ ਮੰਗ ਕੀਤੀ ਤਾਂ ਅੱਗੋਂ ਅਹਿਮਦ ਖ਼ਾਂ ਖਰਲ ਨੇ ਇਹ ਕਹਿੰਦਿਆਂ ਨਾਂਹ ਕੀਤੀ ਕਿ ਸਾਡੇ ਵਿੱਚ ਪਤਨੀ, ਧਰਤੀ ਤੇ ਘੋੜੀ ਸਾਂਝੀ ਕਰਨ ਦੀ

ਰਵਾਇਤ ਨਹੀਂ ਹੈ। ਢੋਲਿਆਂ ਵਿੱਚ ਮਿਲਦਾ ਹੈ-
ਅੰਗਰੇਜ਼ ਬਰਕਲੀ ਆਂਹਦਾ ਹੈ:

ਰਾਏ ਅਹਿਮਦ ਦੇਵੀਂ ਘੋੜੀਆਂ
ਤੇਰੀ ਲੰਦਨੋਂ ਲਿਖ ਲਿਆਵਸਾਂ ਨੇਕਨਾਮੀ।

ਰਾਏ ਅਹਿਮਦ ਆਹਦਾ:

ਰੰਨਾਂ, ਭੋਇੰ ਤੇ ਘੋੜੀਆਂ ਵੰਡ ਕਿਸੇ ਨਾ ਦਿੱਤੀਆਂ
ਹੁੰਦੀਆਂ ਬਤ ਦੇ ਵਿੱਚ ਸ਼ਾਹ ਸਲਾਮੀ।[7]

ਰਾਏ ਅਹਿਮਦ ਅਤੇ ਉਸ ਦੇ ਸਾਥੀ ਸਾਰੰਗ ਨੇ ਅੰਗਰੇਜ਼ ਬਰਕਲੇ ਨੂੰ ਸਾਫ਼ ਇੰਨਕਾਰ ਕਰ ਦਿੱਤਾ ਕਿ ਅਸਾਂ ਨਾ ਤਾਂ ਜਵਾਨ ਦੇਣੇ ਹਨ ਅਤੇ ਨਾ ਹੀ ਘੋੜੀਆਂ। ਉਹ ਵਾਪਸ ਆਪਣੇ ਪਿੰਡ ਝਾਮਰੇ ਆ ਗਏ। ਮਗਰੋਂ ਕੈਪਟਨ ਅਲਿਫਿਨਸਟੋਨ ਅਤੇ ਬਰਕਲੇ ਨੇ ਰਾਵੀ ਦੇ ਕੰਢਿਆਂ ਉੱਪਰ ਇਨ੍ਹਾਂ ਦੇ ਕਬੀਲਿਆਂ 'ਤੇ ਹਮਲਾ ਕਰ ਦਿੱਤਾ। ਅੰਗਰੇਜ਼ਾਂ ਨੇ ਰਾਵੀ ਦੇ ਦੋਹੀਂ ਪਾਸੀਂ ਵਸਦੇ ਇਨ੍ਹਾਂ ਕਬੀਲਿਆਂ ਦੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ। ਫ਼ਕੀਰਾਂ ਦੀਆਂ ਖਾਨਗਾਹਾਂ ਤੱਕ ਨੂੰ ਸਾੜ ਦਿੱਤਾ। ਕਵੀ ਕਹਿੰਦਾ ਹੈ-

ਕੱਧੀ ਦਰਿਆਵਾਂ ਦੇ ਉਤੇ
ਅੰਗਰੇਜ਼ ਝੁਗੇ ਜਪੀਆਂ ਦੇ ਫੂਕ ਮਵਾਤੇ ਹੈਨ ਬਾਲੇ
ਅੱਗਾਂ ਲਾਈ ਅੱਗ ਮਸਤਾਨੇ ਫ਼ਕੀਰ ਨੂੰ
ਝਗੜੇ ਓਹਦੇ ਵੀ ਚਾਹੇਂ ਸਾਡੇ
ਆਖੇ: ਅੱਗ ਝਾਮਰੇ ਵੀ ਲਾਵਣੀ
ਨਾਲੇ ਛਡਣੇ ਢਾਹ ਚੁਬਾਰੇ।[8]

ਇਸ ਸਮੇਂ ਹਿਸਾਰ ਜੇਲ੍ਹ ਦੇ ਦੋ ਮਸ਼ਹੂਰ ਬਾਗੀ ਹਾਸਲ ਖ਼ਾਨ ਤੇ ਹਸ਼ਮਤ ਖ਼ਾਨ ਬਾਰ ਦੇ ਬਾਗ਼ੀਆਂ ਦੇ ਇਮਦਾਦੀ ਬਣ ਗਏ। "ਹਾਸਲ ਖ਼ਾਨ ਵੇਸ ਵਟਾ ਕੇ ਬਹਾਵਲਪੁਰ ਦੇ ਨਵਾਬ ਦਾ ਮੁਲਾਜ਼ਮ ਹੋਇਆ। ਇਹ ਦੋਵੇਂ ਅਹਿਮਦ ਖ਼ਾਨ ਖਰਲ ਤੇ ਮੁਰਾਦ ਫਤਿਆਨਾ ਦੇ ਸਲਾਹੂ। ਹਾਸਲ ਖ਼ਾਨ ਬਹਾਵਲਪੁਰ ਦੇ ਅਸਲੇਖ਼ਾਨੇ ਚੋਂ ਸੱਤ ਤੋੜੇਦਾਰ ਬੰਦੂਕਾਂ ਚੋਰੀ ਕਰਕੇ ਰਾਤ ਦੇ ਅਨ੍ਹੇਰੇ ਵਿਚ ਅਹਿਮਦ ਖ਼ਾਨ ਖਰਲ ਅਤੇ ਮੁਰਾਦ ਫਤਿਆਨੇ ਨੂੰ ਫੜਾਈਆਂ।"[9]

ਬਾਰ ਵਿੱਚ ਬਗ਼ਾਵਤ ਦੀ ਹਵਾ ਰੁਮਕਣ ਲੱਗੀ। ਮੌਜ਼ੂਅ ਲੱਖੋਕੇ ਦੇ ਜੋਈਏ ਮਾਮਲਾ ਤਾਰਨ ਤੋਂ ਇਨਕਾਰੀ ਹੋ ਗਏ। ਅਸਿਸਟੈਂਟ ਕਮਿਸ਼ਨਰ ਐਲ. ਐਫ. ਬਰਕਲੇ ਨੇ ਉਨ੍ਹਾਂ ਖਿਲਾਫ਼ ਵਾਰੰਟ ਜਾਰੀ ਕਰ ਦਿੱਤੇ। ਦੂਸਰੇ ਪਾਸੇ ਅਹਿਮਦ ਖ਼ਾਂ ਖਰਲ ਨੇ ਗੋਗੇਰਾ ਜੇਲ੍ਹ ਵਿੱਚੋਂ ਛੁਡਾਉਣ ਦੀ ਵਿਉਂਤ ਬਣਾ ਲਈ। ਨੈਨ ਸੁੱਖ ਲਿਖਦਾ ਹੈ- "ਕੁਝ ਦਿਨ ਮਗਰੋਂ ਜੇਲ੍ਹ ਦੇ ਦਰੋਗੇ ਨਿਜ਼ਾਮਦੀਨ ਅਹਿਮਦ ਖ਼ਾਨ ਖਰਲ ਨਾਲ ਖ਼ੁਫ਼ੀਆ ਮੁਲਾਕਾਤ ਕੀਤੀ ਤੇ ਓਹਨੂੰ ਦੱਸਿਆ ਕਿਹ ਗੋਗੇਰਾ ਜੇਲ ਵਿੱਚ ਬਾਗ਼ੀਆਂ ਦੀ ਭਰਮਾਰ, ਨਿੱਤ ਬਾਗ਼ੀ ਕੈਦੀ ਹੋ ਕੇ ਆ ਰਹੇ। ਜੇਲ ਵਲਣ ਲਈ ਵਾਹ ਨਹੀਂ ਰਹੀ, ਮੌਕੇ ਤੇ ਸਜ਼ਾ ਦਾ ਹੁਕਮ ਹੋਇਆ। ਜੇਹੜਾ ਜਿਥੇ ਮਾਮਲਾ ਤਾਰਨ ਤੋਂ ਇਨਕਾਰ ਕਰੇ, ਓਹਨੂੰ ਥਾਂ ਤੇ ਗੋਰਾ ਅਫ਼ਸਰ ਗੋਲੀ ਮਾਰ ਦੇਂਦਾ।"[10]




ਜਾਂਗਲੀ ਵਾਹਰ ਦੇ ਮੋਹਰੀ ਅਹਿਮਦ ਖ਼ਾਂ ਖਰਲ ਨੇ ਗੋਗੇਰਾ ਜ਼ੇਲ੍ਹ 'ਤੇ ਹਮਲਾ ਕਰਨ ਦੀ ਨੀਤੀ ਬਣਾ ਲਈ। ਫੈਸਲਾ ਕੀਤਾ ਕਿ ਰਾਤ ਦੇ ਹਨ੍ਹੇਰੇ ਵਿੱਚ ਜ਼ੇਲ੍ਹ ਵਿੱਚੋਂ ਪਹਿਲਾਂ ਬਾਲ, ਬੁੱਢੇ ਅਤੇ ਔਰਤਾਂ ਨੂੰ ਸਹੀ ਸਲਾਮਤ ਕੱਢ ਦੇਵਾਂਗੇ, ਫਿਰ ਜਿਵੇਂ ਬਣ ਆਊ, ਵੇਖੀ ਜਾਊ। ਕੁਝ ਬਾਗ਼ੀ ਪਹਿਲਾਂ ਬੰਦੀ ਬਣ ਕੇ ਜ਼ੇਲ੍ਹ ਅੰਦਰ ਚਲੇ ਗਏ। ਫਿਰ ਉਨ੍ਹਾਂ ਅੰਦਰਲਾ ਮਾਹੌਲ ਵੇਖ-ਚਾਖ ਕੇ ਬਾਹਰਲੇ ਬਾਗ਼ੀਆਂ ਦੁਆਰਾ ਹਮਲਾ ਹੋਣ ਤੋਂ ਪਹਿਲਾਂ ਬਜ਼ੁਰਗ, ਔਰਤਾਂ ਤੇ ਬੱਚਿਆਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ, ਪਰ ਇੱਕ ਬੱਚੇ ਦੇ ਰੋਣ ਕਰਕੇ ਪਹਿਰੇਦਾਰਾਂ ਨੂੰ ਭਿਣਕ ਲੱਗ ਗਈ, ਦੁਵੱਲਿਓਂ ਲੜਾਈ ਸ਼ੁਰੂ ਹੋ ਗਈ। ਇਸ ਘਮਸਾਨ ਦੀ ਲੜਾਈ ਵਿੱਚ 44 ਕੈਦੀ, 37 ਬਾਗੀ ਅਤੇ 51 ਪੁਲੀਸ ਦੇ ਸਿਪਾਹੀ ਮਾਰੇ ਗਏ। ਜਿਨ੍ਹਾਂ ਵਿੱਚ ਜ਼ੇਲ੍ਹ ਦੇ ਡਿਪਟੀ ਸੁਪਰਡੈਂਟ ਮਿਨਚੋਰਡ ਵੀ ਸੀ। ਜ਼ਿੰਦਾ ਬਾਗ਼ੀ ਕੋਈ ਨਾ ਫੜਿਆ ਗਿਆ, ਸਗੋਂ ਸਾਰੇ ਫ਼ਰਾਰ ਹੋ ਗਏ। ਐਕਸਟਰਾ ਅਸਿਸਟੈਂਟ ਕਮਿਸ਼ਨਰ ਬਰਕਲੇ ਦੇ ਪਹੁੰਚਣ ਤੋਂ ਪਹਿਲਾਂ ਜੇਲ੍ਹ ਦੇ ਸੁਪਰਡੈਂਟ ਕੈਪਟਨ ਰਿਚਰਡ ਨੇ ਪੁਲਿਸ ਮੁਲਾਜ਼ਮਾਂ ਦੀਆਂ ਲਾਸ਼ਾਂ ਅੱਡ ਕਰਵਾ ਲਈਆਂ। ਅਲਫਿੰਸਟਨ ਨੂੰ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਕੇ ਮੇਜਰ ਮਰਸਡਨ ਨੂੰ ਅਹੁਦਾ ਦੇ ਦਿੱਤਾ ਗਿਆ। ਜ਼ੇਲ੍ਹ ਤੋੜਨ ਦੇ ਜ਼ੁਰਮ ਵਿਚ ਅਹਿਮਦ ਖ਼ਾਂ ਖਰਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਪਰ ਉਸ ਖਿਲਾਫ਼ ਕੋਈ ਗਵਾਹ ਨਾ ਮਿਲਣ ਕਰਕੇ ਛੱਡ ਦਿੱਤਾ ਗਿਆ।

ਅਹਿਮਦ ਖ਼ਾਂ ਖਰਲ ਦੀ ਅਗਵਾਈ ਹੇਠ ਬਗ਼ੀਆਂ ਨੇ ਕਮਾਲੀਏ ਪਿੰਡ ਵਿੱਚ ਵੱਡਾ ਇਕੱਠ ਕੀਤਾ। ਜਿਸ ਇਕੱਠ ਵਿਚ ਬਾਰ ਦੇ ਸਾਰੇ ਕਬੀਲੇ ਇਕੱਠੇ ਹੋਏ। ਅਹਿਮਦ ਖ਼ਾਂ

ਖਰਲ ਨੇ ਉਨ੍ਹਾਂ ਨੂੰ ਆਪਸੀ ਝਗੜੇ ਪਾਸੇ ਰੱਖ ਕੇ ਬਸਤੀਵਾਦੀ ਸਰਕਾਰ ਖਿਲਾਫ਼ ਲਾਮਬੰਦ ਹੋ ਕੇ ਲੜਾਈ ਕਰਨ ਲਈ ਪ੍ਰੇਰਿਆ। ਵਰ੍ਹਿਆਂ ਤੋਂ ਚੱਲੀ ਆਉਂਦੀ ਸਿਆਲਾਂ ਤੇ ਖਰਲਾਂ ਦੀ ਦੁਸ਼ਮਣੀ ਵੀ ਉਨ੍ਹਾਂ ਮਨੋਂ ਵਿਸਾਰ ਦਿੱਤੀ। ਇਸ ਇਕੱਠ ਵਿਚ ਖਰਲਾਂ, ਸਿਆਲਾਂ, ਫਤਿਆਣਿਆਂ ਵੱਟੂਆਂ, ਜੋਇਆਂ ਭੱਟੀਆਂ ਨੇ ਏਕਾ ਰੱਖ ਕੇ ਲੜਨ-ਮਰਨ ਦੀ ਸਹੁੰ ਖਾਧੀ। ਸਰਫਰਾਜ਼ ਖ਼ਾਨ ਖਰਲ ਅਤੇ ਮਾਛੀਆਂ ਲੰਗੜਿਵਾਲ ਨੇ ਜਦੋਂ ਬਾਗ਼ੀਆਂ ਦੇ ਮਨਸੂਬੇ ਸੁਣੇ ਤਾਂ ਉਨ੍ਹਾਂ ਇਹ ਖ਼ਬਰ ਅੰਗਰੇਜ਼ ਸਰਕਾਰ ਨੂੰ ਜਾ ਦਿੱਤੀ ਕਿ ਬਾਹਰ ਦੇ ਸਾਰੇ ਕਬੀਲੇ ਤੁਹਾਡੇ ਖ਼ਿਲਾਫ਼ ਲੜਨ-ਮਰਨ ਨੂੰ ਸਹੁੰ ਚੁੱਕ ਬੈਠੇ ਹਨ, ਹੁਣ ਤੁਸੀਂ ਵੀ ਬੰਦੋਬਸਤ ਕਰ ਲਵੋ।

ਬਾਰ ਦੇ ਬਾਗੀਆਂ ਨੇ ਉਸ ਬਰਤਾਨਵੀ ਸਰਕਾਰ ਨੂੰ ਵੰਗਾਰ ਲਿਆ, ਜਿਨ੍ਹਾਂ ਨੇ ਪਹਿਲਾਂ ਕਈ ਵੱਡੀਆਂ ਰਿਆਸਤਾਂ ਫਤਹਿ ਕਰ ਲਈਆਂ ਹਨ। ਢੋਲਿਆਂ ਵਿੱਚ ਜ਼ਿਕਰ ਹੈ-

ਇਨ੍ਹਾਂ ਅੰਗਰੇਜ਼ਾਂ ਬੁਲੰਦ ਬੇਗ ਦਾ ਤਰਹਾਨਾ
ਫ਼ਤਹ ਪੁਰ ਗੋਗੇਰੀਂ ਫਾਹੇ ਚਾੜ੍ਹਿਆ
ਜੇਹੜਾ ਲਾੜਾ ਹਾਈ ਸਾਂਦਲ ਬਾਰ ਦਾ
ਏਹਨਾਂ ਅੰਗਰੇਜ਼ਾਂ ਵਲ਼ ਲਿਆ ਲਾਲ ਗਾਜ਼ੀ ਦਾ ਕਾਠੀਆ
ਮਮੰਦ ਜੱਲ੍ਹੇ ਦਾ ਕਾਠੀਆ, ਵਲੀਦਾਦ ਮਰਦਾਨਾ
ਮੋਖਾ ਪੁੱਤਰ ਕੋੜ੍ਹੀ ਵੈਹਨੀਵਾਲ ਦਾ
ਏਹਨਾਂ ਅੰਗਰੇਜ਼ਾਂ ਫਦ ਲਏ ਮੁਰਾਦ ਤੇ
ਬਹਾਵਲ ਫ਼ਤਿਆਨੇ
ਜੇਹੜੇ ਰਾਵੀ ਉੱਤੇ ਚੁਕੇਂਦੇ ਮਾਲ ਚੌਧਾਰ ਦਾ
ਪਿੰਡੀ ਦੇ ਵਿੱਚੋਂ ਨਾਦਰ ਕੁਰੈਸ਼ੀ ਬੰਨ੍ਹ ਤੇ ਟੋਰਿਆ ਨੇਂ
ਪੰਛੀ ਨਖੇੜਿਆ ਨੇਂ ਹੰਸਾਂ ਦੀ ਡਾਰ ਦਾ
ਪੈਰੀਂ ਬੇੜੀਆਂ, ਹੱਥੀਂ ਕੜੀਆਂ ਝੱਲ ਤੇ
ਫ਼ਰਜ਼ ਨਿਭਾਈ ਵੇਂਦੇ ਨੇ ਰੱਬ ਗੁਫ਼ਾਰ ਦਾ।[11]

ਜੁਲਾਈ 1857 ਈ. ਨੂੰ ਬਰਤਾਨਵੀ ਸਰਕਾਰ ਖਿਲਾਫ਼ ਜਾਂਗਲੀਆਂ ਨੇ ਸਿੱਧੀ ਲੜਾਈ ਵਿੱਢ ਲਈ। ਹੜੱਪਾ ਅਤੇ ਚੀਚਾਵਤਨੀ ਦੀਆਂ ਅੰਗਰੇਜ਼ੀ ਫੌਜਾਂ ਦੀਆਂ ਆਰਜ਼ੀ ਛਾਉਣੀਆਂ 'ਤੇ ਹਮਲਾ ਕਰਕੇ ਉਥੋਂ ਯੂਨੀਅਨ ਜੈੱਕ ਝੰਡਾ ਲਾਹ ਕੇ ਆਪਣਾ ਰੱਤਾ ਝੰਡਾ ਲਾ ਦਿੱਤਾ।

"ਜਲ੍ਹੀ ਤੇ ਕੌੜੇ ਸ਼ਾਹ ਲਾਗੇ ਵੱਡੀਆਂ ਝੜਪਾਂ ਹੋਈਆਂ, ਜੀਹਨਾਂ ਵਿੱਚ ਬਾਗੀ ਜਿਤੇ ਤੇ ਅੰਗਰੇਜ਼ ਫ਼ੌਜ ਨੂੰ ਹਾਰ ਮੰਨਣੀ ਪਈ। ਪਰ ਅੰਸੂ (ਅੱਸੂ) ਦੇ ਮਹੀਨੇ, ਠੰਡੀ ਮਿੱਠੀ ਰੁੱਤ ਵਿਚ ਗਸ਼ਕੋਰੀ ਦੀ ਲੜਾਈ ਹੋਈ ਜਿਥੇ ਬਾਜ਼ੀ ਉਲਟ ਗਈ। ਕਈ ਸਿਰਕੱਢ ਬਾਗ਼ੀ ਮਾਰੇ ਗਏ, ਵਾਹਵਾ ਵੜੇ (ਵੱਡੇ) ਫੱਟੜ ਹੋਏ ਤੇ ਜੇਹੜੇ ਹਾਰਦੇ ਹੋਏ ਬਚੇ ਰਹੇ, ਓਹ ਅਹਿਮਦ ਖ਼ਾਨ ਖਰਲ ਦੀ ਆਖਤ ਤੇ ਨਵੇਂ ਮਹਾਜ਼ਾਂ ਨੂੰ ਰਵਾਨਾ ਹੋਏ (ਜਿਹੜੇ ਅਗਲੇ ਚੇਤਰ ਤਾਈਂ ਕਿਧਰੇ ਨਾ ਕਿਧਰੇ ਅਪਨੀ ਨਾਬਰ ਹੋਂਦ ਦਾ ਸਬੂਤ ਦਿੰਦੇ ਰਹੇ।) ਅੰਗਰੇਜ਼ ਫੌਜ ਜਿੱਤ ਕੇ ਚਾਈਂ ਚਾਈਂ ਚਾਈਂ ਪਰਤ ਰਹੀ ਕਿਹ ਪਿੱਛੋਂ ਬਾਬਾ ਖੇਮ ਸਿੰਘ ਖੇਮ ਸਿੰਘ ਬੇਦੀ ਵਾਜ ਲਾਈ, "ਓ ਅਹਿਮਦ ਖ਼ਾਨ ਖਰਲ!" ਅੱਸੀ ਸਾਲਾ ਬਾਗ਼ੀ ਸੰਘਣੇ ਰੁੱਖਾਂ ਦੇ ਓਹਲੇ ਪੇਸ਼ੀ ਦੀ ਨਮਾਜ਼ ਕੀਤੀ ਹੋਈ, ਓਹਦਾ ਸਿਰ ਸਿਜਦੇ ਵਿੱਚ ਜਦੋਂ ਬਰਕਲੀ ਆਪਣੇ ਹੱਥੀਂ ਉਹਨੂੰ ਨਿਸ਼ਾਨਾ ਬਣਾਇਆ, ਫੱਟੜ ਦੀ ਨਮਾਜ਼ ਟੁੱਟ ਗਈ... ਬਰਕਲੀ ਦੂਜੀ ਗੋਲੀ ਮਾਰ ਕੇ ਬੁੱਢੇ ਬਾਗ਼ੀ ਨੂੰ ਚੁੱਪ ਕਰਾ ਦਿੱਤਾ। ਜੀਹਨੇ ਅਖ਼ੀਰ ਉਮਰੇ ਅੰਗਰੇਜ਼ ਅਫ਼ਸਰਾਂ ਦੀ ਨੀਂਦਰ ਹਰਾਮ ਕੀਤੀ ਰੱਖੀ... ਫ਼ੌਜੀਆਂ ਬਰਕਲੀ ਦੇ ਹੁਕਮ ਤੇ ਲਾਸ਼ ਦਾ ਸਿਰ ਲਾਹ ਕੇ ਵਖਾਲੇ ਤੇ ਡਰਾਵੇ ਲਈ ਗੋਗੇਰਾ ਜੇਲ ਦੇ ਫਾਟਕ ਉਤੇ ਟੰਗ ਦਿੱਤਾ।"[12]

ਜਦੋਂ ਅਹਿਮਦ ਖ਼ਾਂ ਖਰਲ ਸ਼ਹੀਦ ਹੋ ਗਿਆ ਤਾਂ ਅੰਗਰੇਜ਼ ਉਸ ਦਾ ਸਿਰ ਵੱਢ ਕੇ ਗੋਗੇਰਾ ਜੇਲ੍ਹ ਵਿੱਚ ਜਾ ਕੇ ਪ੍ਰਦਰਸ਼ਤ ਕਰਨ ਲੱਗੇ ਪਰ ਤਿੰਨ ਦਿਨ ਬਾਅਦ ਹੀ ਅਹਿਮਦ ਖ਼ਾਂ ਖਰਲ ਦੇ ਇਕ ਦਲੇਰ ਸਾਥੀ ਨੇ ਉਹ ਸਿਰ ਚੋਰੀ ਕਰ ਲਿਆ ਤੇ ਫਿਰ ਉਸ ਨੂੰ ਆ ਕੇ ਦਫਨਾ ਦਿੱਤਾ। ਅਹਿਮਦ ਖ਼ਾਂ ਖਰਲ ਦੀ ਸ਼ਹਾਦਤ ਬਾਰੇ ਢੋਲਿਆਂ ਵਿਚ ਮਿਲਦਾ ਹੈ-

ਹੁਣ ਖਰਲ ਯਾਦ ਕਰੇ ਖੁਦਾ ਨੂੰ
ਧਰੀਐ ਲੱਤ ਰਕਾਬੇ ਫੜੇ ਲਟ ਰਕਾਬ ਦੇ
ਆਖੇ: ਤੁਸੀਂ ਢਿਡੋ ਨਾ ਡੋਲੋ
ਰਾਏ ਅਹਿਮਦ ਪਿਆ ਆਖੇ ਝਬੂਨਪ ਤਲਵਾਰੀਂ ਮਰੀਸਾਂ
ਚਤਵਾਂ ਮਰਦਾਂ ਦੇ ਪਤੇ ਜਾਸਨ ਲਗੇ ਵਿਚ ਮੈਦਾਨ ਦੇ
ਉਸ ਦਿਹਾੜੇ ਭੀੜੀਆਂ ਪਈਆਂ, ਫ਼ੌਜਾਂ ਅੰਗਰੇਜ਼ ਦੀਆਂ
ਘਰਾਂ ਆਏ ਕੱਲਰ ਦੇ ਕੋਨੋਂ ਹਾਠੀਂ
ਅੰਗਰੇਜ਼ ਦੀਆਂ ਚਿਕ ਲਘਾਈਆਂ
ਪਕੇ ਨਵੇਂ ਖੁਲ੍ਹੇ ਹੈਨ ਉਹ ਨਿਸ਼ਾਨ ਦੇ
ਨਮਾਜ਼ ਪੜ੍ਹਦੇ ਰਾਏ ਅਹਿਮਦ ਨੂੰ
ਗੁਲਾਬ ਰਾਏ ਬੇਦੀ ਮਾਰੀ ਐ ਗੋਲੀ
ਅਗਾਂਹ ਵੀ ਗਏ ਹੈਨ ਸੰਗ ਅਮਾਮ ਦੇ।[13]

ਗਜ਼ਟੀਅਰ ਵਿਚ ਅਹਿਮਦ ਖ਼ਾਂ ਖਰਲ ਬਾਰੇ ਲਿਖਿਆ ਹੈ- *"Ahmad was a man above the average- bold And crafty. It was this man who*

*roused the tribes. All the important tribes of Ravi rose. The first real precursor of the storm that was brewing, occurred on the night of july 26th in the shape of an outbreak in the Gogera District jail (now in Sahiwal district). This appear to have been in all probability the work of Ahmad Khan. Reliable information was received to the effect that Ahmad with a large body of Wattoos had retreated into the jungle near Gashkori, some six miles south of Gogera. Capt. Black was sentwith a detachment of cavalry to destroy them. He was joined by Lt. Chichester. A sharp skirmish took place in which the cavalry had to retreat. They were however, rallied and Ahmad together with Sarang, chief of the Begka Kharals, was killed."*[14]

ਰਾਏ ਅਹਿਮਦ ਦੀ ਮੌਤ ਤੋਂ ਬਾਅਦ ਉਸ ਦਾ ਸਾਥੀ ਮੁਰਾਦ ਫਤਿਆਣਾ ਬਹੁਤ ਗੁੱਸੇ ਵਿੱਚ ਆਇਆ। ਉਸ ਨੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਲੜਾਈ ਲਈ ਸਾਥੀਆਂ ਨੂੰ ਵੰਗਾਰਿਆ। ਉਸਨੇ ਗੁੱਸਾ ਖਾਧਾ ਤੇ ਕਿਹਾ ਕਿ ਉਹ ਵੀ ਅੰਗਰੇਜ਼ ਕਮਾਂਡਰ ਦਾ ਉਹੀ ਹਾਲ ਕਰੇਗਾ ਜੋ ਉਨ੍ਹਾਂ ਨੇ ਰਾਏ ਅਹਿਮਦ ਦਾ ਕੀਤਾ ਹੈ। ਮੁਰਾਦ ਫਤਿਆਣੇ ਨੇ ਰਾਏ ਅਹਿਮਦ ਅਤੇ ਸਾਰੰਗ ਦੁਆਰਾ ਸ਼ੁਰੂ ਕੀਤੇ ਸੰਘਰਸ਼ ਨੂੰ ਜਾਰੀ ਰੱਖਿਆ।

ਪੰਜਾਬ ਦੇ ਗਵਰਨਰ ਜਨਰਲ ਜਾਨ ਲਾਰੰਸ ਨੇ ਸਖ਼ਤ ਐਕਸ਼ਨ ਲਿਆ ਉਸ ਨੇ ਵੱਖ-ਵੱਖ 10 ਟੁਕੜੀਆਂ ਸੈਨਾ ਦੀਆਂ ਅੰਗਰੇਜ਼ ਸੈਨਾਪਤੀਆਂ ਕੈਪਟਨ ਬਲੈਕ, ਲੈਫਟੀਨੈਂਟ ਚੀਚੇਸਟਰ, ਕੈਪਟਨ ਐਲਫਿੰਸਟਨ, ਮਿਸਟਰ ਬਰਕਲੇ, ਕੈਪਟਨ ਚੈਮਰਲੇਨ, ਲੈਫਟੀਨੈਂਟ ਨੇਵਿਲ, ਕੈਪਟਨ ਸਨੋ ਅਤੇ ਕੈਪਟਨ ਮੈਕਐਂਡਰੀਓ ਨੂੰ ਭੇਜਿਆ ਗਿਆ। "ਇਸ ਤੋਂ ਬਿਨਾਂ ਲਾਰੰਸ ਨੇ ਆਪਣੇ ਸਭ ਤੋਂ ਵਧੀਕ ਭਰੋਸੇਯੋਗ ਅਰਦਲੀ ਨਿਹਾਲ ਸਿੰਘ ਚਾਚੀ ਨੂੰ ਵੀ ਭੇਜਿਆ। ਇਨ੍ਹਾਂ ਨੇ ਤਿੰਨ ਵੱਡੀਆਂ ਤੋਪਾਂ ਅਤੇ ਬਹੁਤ ਸਾਰੀ ਸੈਨਾ ਨਾਲ ਬਾਗ਼ੀਆਂ ਉਤੇ ਹੱਲਾ ਬੋਲ ਦਿੱਤਾ ਪਰ ਤੋਪਖਾਨੇ ਸਦਕਾ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ ਗਿਆ। ਮੁਲਤਾਨ, ਝੰਗ ਅਤੇ ਗੁਰਦਾਸਪੁਰੋਂ ਹੋਰ ਕੁਮਕਾਂ ਆਣ ਲੱਥੀਆਂ।"[15]

ਮੁਰਾਦ ਫਤਿਆਣਾ ਅਤੇ ਅੰਗਰੇਜ਼ ਕਮਿਸ਼ਨਰ ਬਰਕਲੇ ਦੇ ਦਰਮਿਆਨ ਲੜਾਈ ਹੋਈ। ਲੜਾਈ ਵਿਚ ਮੁਰਾਦ ਨੇ ਬਰਕਲੇ ਨੂੰ ਮਾਰ ਦਿੱਤਾ ਇਸ ਸਿਲਸਿਲੇ ਵਿੱਚ ਇੱਕ ਢੋਲੇ ਵਿਚ ਮੁਰਾਦ ਫਤਿਆਣਾ ਤੇ ਬਰਕਲੇ ਦੀ ਲੜਾਈ ਨੂੰ ਇੰਜ ਬਿਆਨ ਕੀਤਾ ਗਿਆ ਹੈ-

ਬਰਕਲੀ ਆਖੇ: ਅਸਾਂ ਰਾਠਾਂ ਦੇ ਦਿੱਤੇ ਕੜਿਆਲੇ
ਉਤੇ ਕੀਤੀ ਚੜ੍ਹ ਸਵਾਰੀ।
ਹਿਕਨਾਂ ਨੂੰ ਮਾਰ ਘੱਤਿਆ,
ਹਿਕਨਾਂ ਦੇ ਨੱਕ ਵਿੱਚ ਲਈ ਐ ਘੱਤ ਮੁਹਾਰੀ।
ਬੋਲੀ ਫੱਟ ਤਲਵਾਰ ਹੈ
ਜਿਹੜੀ ਅੰਗਰੇਜ਼ ਬਰਕਲੀ ਕੱਢ ਵਜੂਦੋਂ ਮਾਰੀ।
ਏਹ ਗੱਲ ਸੁਣ ਕੇ ਗੜ੍ਹ ਆ ਲਿਆ
ਫਤਿਆਣਿਆਂ ਥਾਪੀ ਢੋਲ ਤੇ ਮਾਰੀ।
ਆਖੇ ਮੁਰਾਦ ਫਤਿਆਣਾ:
ਸਾਵੀ ! ਤੈਨੂੰ ਫੇਰਾਂ ਨਿਤ ਖਰਖਰੇ ਤੇ ਦੇਵਾਂ ਵੰਡ ਨਿਹਾਰੀ।
ਹਿਕ ਵਾਰੀ ਲੈ ਚੱਲ ਅੰਗਰੇਜ਼ ਬਰਕਲੀ ਤੇ,
ਮੈਂ ਦੇਖਾਂ ਉਸ ਦੀ ਬੱਘੀ ਕਾਲੀ।

ਸਾਵੀ ਆਖੇ:
ਤੂੰ ਕਰ ਬਿਸਮਿਲਾ,
ਧਰ ਪੈਰਾ ਰਕਾਬੇ ਮੈਂ ਜਾਸਾਂ ਮਾਰ ਉਡਾਰੀ।
ਅਮਗਰੇਜ਼ ਦਾ ਕੁੱਲਾ ਗਿਆ ਢੈ ਸੁਨਹਿਰੀ।
ਤੇ ਪੜਹਨਿਓਂ ਕੱਢ ਬਰਕਲੀ ਨੂੰ ਸੁਟਿਓਸ
ਜਿਵੇਂ ਮੱਟ ਵਿਚੋਂ ਲੱਛਾ ਲੈਂਦਾ ਝੋਲ ਲਲਾਰੀ।[16]

ਇਸ ਲੜਾਈ ਵਿੱਚ ਮੁਰਾਦ ਨੇ ਬਰਕਲੇ ਨੂੰ ਮਾਰ ਕੇ ਅਹਿਮਦ ਖਾਂ ਦਾ ਬਦਲਾ ਲਿਆ।

ਮਾਰੇ ਬਰਕਲੀ ਦੀਆਂ ਲੰਦਨ ਖਹੀਰਾਂ
ਸਰਦਾਂ ਲਾਹ ਕੇ ਪਿੱਟਣ ਗੋਰੇ
ਖੁੱਲ੍ਹੀਆਂ ਬਾਨੂੰਆਂ ਕਰਕੇ ਰੋਂਦੀਆਂ ਮੇਮਾਂ
ਸਾਡਾ ਮਾਰਿਆ ਗਿਆ ਬਾਰਾਂ ਮਕਪਨਿਆਂ ਦਾ ਸਰਦਾਰ
ਜੱਟਾਂ ਲੁੱਟ ਲਿਐ ਘਰ ਸਰਕਾਰੀ।[17]

........................

ਮੁਰਾਦ ਆਖੇ:
ਸਾਨੂੰ ਤਾਂ ਲਿਖਿਆ ਢੇਸੀ
ਪਰ ਬੰਗਲੇ ਗੋਗੇਰਾ ਤੂੰ ਨਾ ਲਾਸੇਂ ਕਚਾਹਰੀ
ਅਸੀਂ ਰਾਜ਼ੀ ਵਗੇ ਦੇਂਦੇ ਹਾਂ, ਕਾਫ਼ਰ ਮਾਰ ਦੁਪਾਹਰੀ
ਖੁਸ਼ ਵਸੀਂ ਓਹ ਦੇਸ ਅਸਾਡਿਆ।[18]

..............................

ਕਾਲ ਬੁਲੇਂਦੀ ਤੇ ਨਾਰਦ ਹੈ ਝੰਡ ਖਲਾਰੀ
ਲੰਦਨੋਂ ਚੜ੍ਹਿਆ ਅੰਗਰੇਜ਼ ਬਰਕੱਲੀ ਲੈ ਕੇ ਫ਼ੌਜ ਬੇਸ਼ੁਮਾਰੀ

ਸੋਧਿਆ ਸੂ ਉਭਾ ਤੇ ਲੰਮਾ
ਝਾਮਰੇ ਚੋਂ ਆ ਨਿਕਲਿਆ ਮਾਰ ਭੰਵਾਲੀ
ਆਖੇ ਮਨ ਰਾਵੀ ਦੀ ਤੇ ਰਾਠ ਨਾ ਦਿੱਸਦੇ
ਹਮੂੰ ਗਈ ਏ ਵਧ ਜਟਾਲੀ
ਬਰਕੱਲੀ ਜੀਹਨੂੰ ਵੇਖ ਕੇ ਚਾਕਰ ਨਿਊਂ ਵੈਂਦੇ
ਜੱਟਾਂ ਲਿਆ ਏ ਵਲ ਵਿੱਚ ਰਾਵੀ
ਬੰਦੂਕਾਂ ਤੋਪਾਂ ਦਾ ਨਾਂ ਵੀ ਲੈਂਦਾ ਏ
ਤੇ ਹੱਥੀਂ ਪਕੜ ਚਲੇਂਦਾ ਤਲਵਾਰ ਦੋ ਧਾਰੀ
ਖਰਲਾਂ ਵਲ਼ ਕੇ ਦਰਿਆ ਦੇ ਅਟ ਨੂੰ ਚਾ ਘੱਤਿਆ
ਘੋੜਾ ਗਿਆ ਏ ਧਸ ਸਣੇ ਜ਼ੀਨ ਸੁਨਾਹਰੀ
ਪਹਿਲੀ ਮਾਰੀ ਸੂਜੇ ਬਦਰੂ ਦੇ
ਦੂਈ ਮੁਰਾਦ ਫ਼ੱਤਿਆਨੇ ਹੈ ਉਲਾਰੀ
ਵੱਢ ਟੁੱਕ ਉਥਾਈਂ ਕਬਾਬ ਚਾ ਕੀਤੋਂ ਨੇਂ
ਵੇਖੋ ਕੇਡੇ ਕੁਜਾਕ ਸ਼ਿਕਾਰੀ।[19]

ਗਜ਼ਟੀਅਰ ਅਨੁਸਾਰ ਬਹੁਤ ਹੱਲੇ ਹੋਏ ਬਹੁਤੇ ਬਾਗੀਆਂ ਕੋਲ ਲਾਠੀਆਂ, ਪੱਥਰ ਅਤੇ ਬਰਛੇ ਸਨ ਤਾਂ ਵੀ ਬਗ਼ਾਵਤ ਨਵੰਬਰ ਵਿਚ ਜਾ ਕੇ ਦੱਬੀ। ਬਾਗ਼ੀਆਂ ਦੇ ਲੀਡਰ ਮਾਰ ਦਿੱਤੇ, ਕੁਝ ਜਲਾਵਤਨ ਕੀਤੇ ਤੇ ਹਜ਼ਾਰਾਂ ਪਸ਼ੂ ਖੋਹ ਕੇ ਵੇਚ ਦਿੱਤੇ।[20]

"ਬਗਾਵਤਾਂ ਦੇ ਸਤਾਰਾਂ ਸੌ ਮੁਜਰਮ ਜੰਗਲਾਂ ਵਿੱਚ ਗੱਡੀਆਂ ਸੂਲੀਆਂ ਤੇ ਝੂਲਦੇ ਰਹੇ। ਯਾਰਾਂ ਸੌ ਨੂੰ ਕੈਦ ਬੋਲੀ ਤੇ ਤਿੰਨ ਸੌ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ। ਬਾਗ਼ੀਆਂ ਦੇ ਵਾਰਸਾਂ ਨੂੰ ਚਾਰ ਲੱਖ ਰੁਪਇਆ ਜੁਰਮਾਨਾ ਹੋਇਆ, ਜੀਹਨੂੰ ਤਾਰਨ ਲਈ ਮਾਂਵਾਂ ਨੂੰ ਤਾ ਹਯਾਤ ਰਾਹਕੀ ਲਈ, ਲਵੇ ਬੱਚੜੇ ਵੇਚਨੇ ਪਏ। ਜ਼ਬਤਸ਼ੁਦਾ ਚਾਲੀ ਹਜ਼ਾਰ ਡੰਗਰ (ਮੱਝਾਂ, ਗਾਵਾਂ ਅਤੇ ਦਾਂਦ), ਸੱਤਰ ਹਜ਼ਾਰ ਪਹਾਰੂ (ਭੇਡਾਂ, ਬੱਕਰੀਆਂ) ਤੇ ਬਾਵੀ (ਬਾਈ) ਸੌ ਘੋੜੀਆਂ ਨਿਲਾਮ ਹੋਏ।"[21]

4 ਨਵੰਬਰ ਨੂੰ ਇਹ ਬਗ਼ਾਵਤ ਖ਼ਤਮ ਹੋਈ ਬਾਗ਼ੀਆਂ ਨੂੰ ਵੱਖ-ਵੱਖ ਸਜ਼ਾਵਾਂ ਦਿੱਤੀਆਂ ਗਈਆਂ। ਕੁਝਨਾਂ ਨੂੰ ਬਗ਼ੈਰ ਮੁਕੱਦਮਾ ਚਲਾਏ ਰੁੱਖਾਂ ਨਾਲ ਟੰਗ ਕੇ ਫਾਹੇ ਲਾ ਦਿੱਤਾ ਤੇ ਕੁਝਨਾਂ ਨੂੰ ਕਾਲੇ ਪਾਣੀਆਂ ਨੂੰ ਭੇਜ ਦਿੱਤਾ ਗਿਆ, ਜੋ ਮੁੜ ਕੇ ਨਾ ਆਏ। ਦੂਜੇ ਪਾਸੇ ਗ਼ੱਦਾਰਾਂ ਨੂੰ ਜ਼ਮੀਨਾਂ, ਖਿੱਲਤਾਂ, ਵਜੀਫੇ ਅਤੇ ਵੱਡੇ ਅਹੁਦੇ ਦਿੱਤੇ। ਪਰ ਮਰਾਸੀਆਂ ਦੇ ਢੋਲੇ ਅੱਜ ਵੀ ਰਾਠਾਂ ਦੀਆਂ ਸਿਫ਼ਤਾਂ ਗਾਉਂਦੇ ਹਨ-


ਖਾਨ ਚਾ ਨੀਤੇ ਨਫ਼ਲ ਸ਼ੁਕਰਾਨੇ ਦੇ
ਕਿਧਰੋਂ ਕੋਈ ਚੀਕਿਆ:
ਸਿਜਦੇ ਰਾਏ ਨੂੰ ਛੁੱਟੀ ਐ ਗੋਲੀ
ਤੇ ਕਿਧਰੇ ਹਾੜ੍ਹਾ:
ਢੱਕਾਂ ਯਾਦ ਕਰੇਂਦੀਆਂ ਹੈਨ
ਹਿੱਕ ਵਾਰੀ ਮੁੜ ਆਵੇਂ ਹਾ
ਰਾਅ ਨੱਥੂ ਦਿਆ ਅਹਿਮਦ ਖ਼ਾਨਾ![22]

**ਹਵਾਲੇ**


1. ਡਾ. ਸਰਬਜੀਤ ਸਿੰਘ, ਸਾਹਿਤ, ਇਤਿਹਾਸ ਅਤੇ ਵਿਚਾਰਧਾਰਾ, ਪੰਨਾ 47.
2. ਬਦਰੀ ਨਾਰਾਇਣ ਔਰ ਰਸ਼ਿਮ ਚੌਧਰੀ, ਭੂਮਿਕਾ, 1857 ਕਾ ਮਹਾਂਸੰਗਰਾਮ: ਵਿਕਲਪਿਕ ਇਤਿਹਾਸ ਕੀ ਓਰ, ਪੰਨਾ 10.
3. ਮੁਹੰਮਦ ਆਸਿਫ਼ ਖ਼ਾਂ, ਦੇਸ਼ ਪਿਆਰ ਦੀ ਰਵਾਇਤ, ਸਮਕਾਲੀ ਪਾਕਿਸਤਾਨੀ ਪੰਜਾਬੀ ਸਾਹਿਤ, ਅੰਕ 59, ਪੰਨਾ 139.
4. ਪ੍ਰੋ. ਰਿਆਜ਼ ਅਹਿਮਦ ਸ਼ਾਦ, ਪਾਕਿਸਤਾਨ ਪੰਜਾਬੀ ਕਵਿਤਾ: ਇਕ ਝਾਤ, ਸ਼ਬਦ ਬੂੰਦ, ਪਾਕਿਸਤਾਨੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ, ਅਕਤੂਬਰ-ਦਸੰਬਰ 2004, ਪੰਨਾ 104.
5. ਨੈਨ ਸੁੱਖ, ਧਰਤੀ ਪੰਜ ਦਰਿਆਈ, ਪੰਨਾ 160.
6. Shafqat Tanveer Mirza, Resistence themes in Punjabi literature, page 102.
7. Shafqat Tanveer Mirza, ibid, page 103.
8. Shafqat Tanveer Mirza, ibid, page 103.
9. ਨੈਨ ਸੁੱਖ, ਧਰਤੀ ਪੰਜ ਦਰਿਆਈ, ਪੰਨਾ 231.
10. ਨੈਨ ਸੁੱਖ, ਉਹੀ, ਪੰਨਾ 232.
11. ਨੈਨ ਸੁੱਖ, ਉਹੀ, ਪੰਨਾ 235
12. ਨੈਨ ਸੁੱਖ, ਉਹੀ, ਪੰਨਾ 235.
13. Shafqat Tanveer Mirza, ibid, page 104.
14. Shafqat Tanveer Mirza, ibid, page 104.
15. ਰਾਜਮੋਹਨ ਗਾਂਧੀ, ਪੰਜਾਬ, ਪੰਨਾ 202.
16. Shafqat Tanveer Mirza, ibid, page 112.
17. Shafqat Tanveer Mirza, ibid, page 113.
18. ਨੈਨ ਸੁੱਖ, ਉਹੀ, ਪੰਨਾ 160.
19. ਨੈਨ ਸੁੱਖ, ਉਹੀ, ਪੰਨਾ 227
20. ਰਾਜਮੋਹਨ ਗਾਂਧੀ, ਉਹੀ, ਪੰਨਾ 202.
21. ਨੈਨ ਸੁੱਖ, ਉਹੀ, ਪੰਨਾ 244.
22. ਨੈਨ ਸੁੱਖ, ਉਹੀ,, ਪੰਨਾ 244.


..............................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**ਅਬ ਕਿਉ ਰੋਵਤ....... –** ਹਾਲ ਤੋਂ ਬਾਹਰ ਦੱਖਣੀ ਵਿਹੜੇ ਵਿੱਚ ਹਵਨ ਕੁੰਡ, ਵੇਦੀ ਚਾਰ ਜੋੜੀਆਂ ਦੇ ਅਨੰਦ ਕਾਰਜ 7 ਪਾਠਾਂ ਦੇ ਭੋਗ। ਉਮਾਹ, ਉਲਾਸ ਅਤੇ ਆਨੰਦ। ਪਰ ਇੱਕ ਬੇਸੁਆਦੀ: ਪਾਠੀਆਂ ਦੀਆਂ ਅਮਿਲਵੀਆਂ ਸੁਰਾਂ। ਸਤਿਗੁਰੂ ਜੀ ਵਲੋਂ ਪਾਠੀਆਂ ਦੀ ਤੁਕ ਨੂੰ ਦੁਹਰਾ ਕੇ ਟਿੱਪਣੀ : ਅਬ ਕਿਉ ਰੋਵਤ.......

**ਜਾ ਕੈ ਸਮ ਨਹੀ –** ਭੋਗਾਂ ਦੇ ਸਲੋਕਾਂ ਵਿੱਚ ਜਦੋਂ "ਜਾ ਕੈ ਸਮ ਨਹੀ ਕੋਇ" ਆਇਆ ਤਾਂ ਸ੍ਰੀ ਸਤਿਗੁਰੂ ਜੀ ਨੇ ਮੇਰੇ ਨਾਲ ਨੇਤਰ ਮਿਲਾ ਕੇ ਤਾਲੀ ਮਾਰ ਕੇ ਸਮਝਾਇਆ ਕਿ ਇਸਦੇ ਸਮਾਨ (ਸਮ) ਕੋਈ ਵੀ ਨਹੀਂ। ਅਰਥਾਤ ਸੰਗੀਤ ਰੂਹ ਦੀ ਖੁਰਾਕ ਹੈ, ਇਹਦਾ ਮੁਕਾਬਲਾ ਨਹੀਂ। ਅਤੇ ਫੇਰ ਜਦੋਂ "ਗਾਇਨ ਤਾਰ ਮਿਲਾਵਹੀ" ਪੜ੍ਹਿਆ ਗਿਆ ਤਾਂ ਮੈਨੂੰ ਸਮਝਾਇਆ "ਗਾਇ ਨ ਤਾਰ ਮਿਲਾਵਹੀ"।

7.30 ਦੀਵਾਨ ਦੀ ਅਰਦਾਸ। ਸ਼ਬਦ ਉਚਾਰਣ। ਕੜਾਹ ਪ੍ਰਸ਼ਾਦ ਛਕੇ। ਨਵੇਂ ਵਿਆਹੇ ਜੋੜਿਆਂ ਦੀ ਗੁਰੂ ਚਰਨਾਂ ਵਿੱਚ ਹਾਜ਼ਰੀ ਹੋਈ ਲੈਣ ਦੇਣ ਅਤੇ ਰਸਮ ਰਸੂਖ ਤੋਂ ਸਤਿਗੁਰੂ ਜੀ ਵਲੋਂ ਪੂਰਨ ਰੋਕ ਦੀ ਨਸੀਹਤ। ਰੋਜ਼ਾਨਾ ਇੱਕ ਘੰਟਾ ਭਜਨ ਅਤੇ ਮਹੀਨੇ ਵਿੱਚ ਇੱਕ ਪਾਠ ਦੀ ਪ੍ਰੇਰਨਾ।

ਸ਼ਾਇਦ ਸੁਰਿੰਦਰ ਸਿੰਘ ਮਨਚੰਦਾ ਦੀ ਭੈਣ ਦੀ ਵੀ ਸ਼ਾਦੀ ਸੀ। ਇਸ ਸਮੇਂ ਪਰਵਾਰ ਨੂੰ ਸੱਦ ਕੇ ਉਪਰੋਕਤ ਜੇਹਾ ਉਪਦੇਸ਼।

**ਵਾਰ ਤੋਂ ਪਿੱਛੋਂ –** ਸੰਤ ਤਰਸੇਮ ਸਿੰਘ ਹੁਰੀਂ ਮੈਨੂੰ 11.30 ਕੋਠੀ ਗਿਆਂ ਮਿਲੇ। ਉਨ੍ਹਾਂ ਸ੍ਰੀ ਸਤਿਗੁਰੂ ਜੀ ਦੇ ਵਾਰ ਦੇ ਪਿੱਛੋਂ ਦੇ ਪ੍ਰੋਗਰਾਮ ਇਸ ਪਰਕਾਰ ਦੱਸੇ : ਸ੍ਰੀ ਸਤਿਗੁਰੂ ਜੀ ਨੇ ਸਭ ਤੋਂ ਪਹਿਲੋਂ ਸੰਤ ਕਰਤਾਰ ਸਿੰਘ ਰਮੇਸ਼ ਨਗਰ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਏਥੋਂ ਜਾ ਸੰਤ ਬਖਸ਼ੀਸ਼ ਸਿੰਘ-ਅਵਤਾਰ ਸਿੰਘ ਦੇ ਘਰ ਨੂੰ ਨਿਵਾਜਿਆ। ਅਤੇ ਫਿਰ ਸ੍ਰੀ ਸਤਿਗੁਰੂ ਜੀ, ਸੇਵਕਾਂ ਤੇ ਅੰਗ ਰੱਖਿਅਕਾਂ ਦੀਆਂ ਗੱਡੀਆਂ ਆਊਟਰ ਰਿੰਗ ਰੋਡ ਤੇ ਪੀਰਾ ਗੜ੍ਹੀ ਨੇੜੇ ਸੁਰਿੰਦਰ ਸਿੰਘ ਮਨਚੰਦਾ ਵਲੋਂ ਖਰੀਦੀ ਗਈ ਲਵਲੀ ਬਿਸਕੁਟ ਫੈਕਟਰੀ ਕੋਲ ਜਾ ਰੁਕੀਆਂ। ਸ੍ਰੀ ਸਤਿਗੁਰੂ ਜੀ ਦੇ ਚਰਨ ਪੁਆ ਕੇ, ਨਵੀਂ ਮਾਲਕੀ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਫੈਕਟਰੀ ਦੇ ਸਾਰੇ ਸ਼ੁਹਬਿਆਂ ਵਿੱਚ ਏਨੀ ਦਿਲਚਸਪੀ ਲਈ ਕਿ 5 ਦੀ ਥਾਂ 50 ਮਿੰਟ ਏਥੇ ਹੀ ਲਗਾ ਦਿੱਤੇ।

ਏਥੋਂ ਨਿਪਟ ਸਤਿਗੁਰੂ ਜੀ ਨੇ ਸਿਦਕੀ ਤੇ ਸ਼ੁੱਧ ਹਿਰਦਿਆਂ ਵਾਲੇ ਸੇਵਕਾਂ ਸ. ਰਾਮ ਰਤਨ ਸਿੰਘ ਤੇ ਬੀਬੀ ਰਤਨਜੀਤ ਕੌਰ (ਸ. ਆਤਮਾ ਸਿੰਘ-ਬੀਬੀ ਲੀਲਾਵੰਤੀ ਦੇ ਨੂੰਹ) ਦੇ ਘਰ ਸ੍ਰੀ ਪ੍ਰਤਾਪ ਬਾਗ ਵਿਖੇ ਚਰਨ ਪਾਏ। ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਸਭ ਦੇ ਹਿਰਦੇ ਪ੍ਰੇਮ ਨਾਲ ਸਰਸ਼ਾਰ ਰਹਿੰਦੇ ਹਨ। ਇਹਨਾਂ ਨੇ ਵਿਸ਼ਾਲ ਪੈਮਾਨੇ ਤੇ ਆਈਸ ਕਰੀਮ ਉਤਪਾਦਨ ਲਈ ਇੱਕ ਫੈਕਟਰੀ ਖਰੀਦੀ ਹੈ। ਫੈਕਟਰੀ ਵਿੱਚ ਸੰਤ ਗੋਪਾਲ ਸਿੰਘ ਦਾ ਦੀਵਾਨ ਲੱਗਾ ਹੋਇਆ ਸੀ। 20 ਮਿੰਟ ਏਥੇ ਦਰਸ਼ਨ ਦੇ, ਬੈਠ-ਸੁਣ, ਇਸ ਪਰਵਾਰ ਨੂੰ ਕਿਰਤਾਰਥ ਕੀਤਾ। ਹਜ਼ੂਰੀ ਵਿੱਚ ਹੀ 4 ਪਾਠਾਂ ਦੇ ਭੋਗ ਪਾਏ ਗਏ। ਇਸ ਨਵੇਂ ਉੱਦਮ ਲਈ ਸਤਿਗੁਰੂ ਜੀ ਨੇ ਰਾਮ ਰਤਨ ਸਿੰਘ ਨੂੰ ਉਤਸ਼ਾਹਤ ਕੀਤਾ।

ਪ੍ਰਤਾਪ ਬਾਗ ਤੋਂ ਵਿਦਾ ਹੋ ਸੱਚੇ ਪਾਤਸ਼ਾਹ ਬਿਰਧ ਸੂਬਾ ਸਿੰਘ ਪਟਨਾ ਨੇ ਮਕਾਨ ਤੇ ਕਰੋਲ ਬਾਗ ਪਧਾਰੇ। ਸੂਬਾ ਜੀ ਨੇ ਪਰਸੋਂ ਫਿਰ ਦਰਸ਼ਨਾਂ ਦੀ ਕਾਮਨਾ ਕੀਤੀ ਸੀ। ਅੱਜ ਸ. ਅਮਰ ਸਿੰਘ ਖਰਬੰਦਾ ਨੂੰ ਵੀ ਏਥੇ ਹੀ ਦਰਸ਼ਨ ਕਰਨ ਲਈ

ਬੁਲਾਇਆ ਗਿਆ ਸੀ। ਇਹਨਾਂ ਨੇ ਭਾਰਤੀ ਡਾਕਟਰਾਂ ਦੁਆਰਾ ਨਵੀਂ ਅੱਖ ਲਗਵਾਣੀ ਸੀ। ਸੂਬਾ ਜੀ ਨੇ ਸਤਿਗੁਰੂ ਜੀ ਦਾ ਵਧੇਰੇ ਸਮਾਂ ਲੈਣ ਲਈ ਸ੍ਰੀ ਹਜ਼ੂਰ ਨੂੰ ਕੋਈ ਸਾਖੀ ਸੁਣਾਣ ਦਾ ਇਸਰਾਰ ਕੀਤਾ। ਸਤਿਗੁਰੂ ਜੀ ਨੇ ਸ. ਕੇਹਰ ਸਿੰਘ ਰਾਖਵਾਲੇ ਦੇ ਸਿੱਖ ਬਣਨ ਦੀ ਸਾਖੀ ਸੁਣਾਈ। (ਵਿਸਤਾਰ ਨਾਲ 1977 ਸਾਲ ਵਿੱਚ ਇਹਦਾ ਜ਼ਿਕਰ ਕਰ ਆਏ ਹਾਂ)

ਸੂਬਾ ਜੀ ਦਾ ਛੋਟਾ ਸਪੁੱਤਰ ਸ. ਮਹਿੰਦਰ ਸਿੰਘ ਅੱਜਕਲ੍ਹ ਸੇਵਾ ਵਿੱਚ ਹਾਜ਼ਰ ਹੈ। ਵੱਡਾ ਸ. ਬਲਵੰਤ ਸਿੰਘ 1984 ਦੇ ਹੰਗਾਮੇ ਪਿੱਛੋਂ ਪਟਨਾ ਛੱਡ ਲੁਧਿਆਣੇ ਆ ਗਿਆ ਹੈ, ਸਮੇਤ ਛੋਟੇ ਭਰਾ ਦੇ।

ਸਤਿਗੁਰੂ ਜੀ 11.00 ਵਜੇ ਹੀ ਕੋਠੀ ਪਹੁੰਚੇ। ਆਉਂਦਿਆਂ ਨੂੰ ਅਨੇਕਾਂ ਸਰੀਰ ਦਰਸ਼ਨ ਅਭਿਲਾਖੀ ਬੈਠੇ ਸਨ।

**ਸਾਜਨ ਵਡਭਾਗਾ –** ਜਦੋਂ ਮੈਨੂੰ ਕੋਠੀ ਆਇਆਂ ਸੰਤ ਤਰਸੇਮ ਸਿੰਘ ਮਿਲਿਆ ਤਾਂ ਇਸਦੇ ਸਾਹਵੇਂ ਇੱਕ ਮਧਰੇ ਕੱਦ ਦਾ, ਇਕਹਿਰੇ ਬਦਨ ਦਾ ਜੁਆਨ ਖਲੋਤਾ ਸੀ। ਉਸਨੂੰ ਸਕੱਤਰ ਨੇ ਆਖਿਆ : ਅਮਰੀਕ ਸਿੰਘ ਲਿਆ ਆਪਣੀ ਪਤਨੀ ਨੂੰ, ਕਵੀ ਜੀ ਨੂੰ ਮੱਥਾ ਟੇਕੇ ਅਤੇ ਦੋ ਤਿੰਨ ਮਿੰਟ ਬਾਅਦ ਇੱਕ ਕੋਮਲ ਚਿਤ, ਪੁਸ਼ਪ ਕੁੜੀ ਨੇ ਮੇਰੇ ਪੈਰਾਂ ਨੂੰ ਆਣ ਹੱਥ ਛੁਹਾਏ। ਸ੍ਰੀ ਸਤਿਗੁਰੂ ਜੀ ਨੇ ਜਿਸ ਲੜਕੇ ਨੂੰ ਭਾਰਤੋਂ ਬੈਂਕੋਕ ਸੱਦ ਕੇ ਵਿਆਹਿਆ ਸੀ, ਉਸਦੀ ਪਤਨੀ ਤੇ ਦਾਦਾ ਦਾਦੀ ਤੇ ਭੂਆ ਵਿਆਹ ਨੂੰ, ਬਾਅਦ ਵਿੱਚ, ਤੋੜਨ ਤੱਕ ਗਏ ਸਨ। ਸ੍ਰੀ ਸਤਿਗੁਰੂ ਜੀ ਨੇ ਬੈਂਕੋਕ ਵਿਖੇ ਐਸੀ ਦਬਾਉ ਰਚਨਾ ਕੀਤੀ ਕਿ ਉਹੋ ਲੜਕੀ ਆਪਣੇ ਸਹੁਰੇ ਸ਼੍ਰੀ ਸੰਤੋਖ ਸਿੰਘ ਸਾਜਨ ਨਾਲ ਹਵਾਈ ਯਾਤਰਾ ਕਰਕੇ ਅੱਜ ਦਿੱਲੀ ਪਹੁੰਚ ਗਈ। ਸੰਤੋਖ ਸਿੰਘ ਸਾਜਨ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਦਾ ਆਲਾ ਰੁਕਨ ਹੈ। ਬੀਬੀ ਰੁਪਿੰਦਰ ਦੇ ਦਿੱਲੀ ਆਉਣ ਤੇ ਏਥੋਂ ਅਮਰੀਕ ਸਿੰਘ ਨਾਲ ਸੰਤ ਨਗਰ ਸਰਸੇ ਲੈ ਜਾਣ ਨਾਲ ਸ੍ਰੀ ਸਤਿਗੁਰੂ ਜੀ ਨੇ ਆਪਣੀ ਗੱਲ ਵੀ ਵਿਆਹ ਲਈ ਤੇ ਆਪਣੇ ਸਿੱਖ ਦਾ ਵਿਆਹ ਵੀ ਨ ਟੁੱਟਣ ਦਿੱਤਾ।

ਸਕੱਤਰ ਤਰਸੇਮ ਸਿੰਘ ਨੇ ਦੱਸਿਆ : ਬੀਬੀ ਤਾਂ ਦੇਵਤਾ ਹੈ। ਇਸਨੂੰ ਹੋਰਨਾਂ ਦੇ ਅਦਬ ਅਦਾਬ ਅਤੇ ਸਤਿਗੁਰੂ ਜੀ ਦੇ ਸਤਿਕਾਰ ਦਾ ਪਤਾ ਹੈ। ਇਹ ਤਾਂ ਉਹ ਪੱਕੇ ਦਿਸਦੇ ਸਿੱਖ ਹੀ ਸਨ ਜਿਹੜੇ ਸਤਿਗੁਰੂ ਜੀ ਵਲੋਂ ਹਰ ਤਰ੍ਹਾਂ ਝੂਠੇ ਹੋ ਗਏ।

**ਉਜਾਗਰ ਸਿੰਘ ਡੁਬਈ –** ਏਥੇ, ਸ. ਗੁਰਦੇਵ ਸਿੰਘ ਅਤੇ ਕੁਲਦੀਪ ਸਿੰਘ ਜੁ ਡੁਬਈ ਵਿੱਚ ਉਪ ਜੀਵਕਾ ਜਮਾ ਰਹੇ ਹਨ, ਉਨ੍ਹਾਂ ਦਾ ਪਿਤਾ ਸ. ਉਜਾਗਰ ਸਿੰਘ ਆਪਣੇ ਪੋਤਰਿਆਂ ਨਾਲ ਗੁਰੂ ਕੇ ਦਰਸ਼ਨਾਂ ਨੂੰ ਆਇਆ। ਸ੍ਰੀ ਸਤਿਗੁਰੂ ਜੀ ਦੀ ਇੰਤਜ਼ਾਰ ਵਿੱਚ ਖਲੋਤਾ ਸੀ। ਸੰਤ ਤਰਸੇਮ ਸਿੰਘ ਨੇ ਇਸ਼ਾਰਾ ਕਰਕੇ ਮੈਨੂੰ ਇਸ ਪਰਿਵਾਰ ਦੇ ਉਹ ਇਸਤਰੀ ਮੈਂਦਰ ਵੀ ਵਖਾਏ ਜੋ ਗੁਰੂ ਕੇ ਦਰਸ਼ਨਾਂ ਦੇ ਪਿਆਸੇ ਸਨ।

**ਸ. ਮਹਿੰਦਰ ਸਿੰਘ ਪਾਲਰੇ –** ਪੂਰਬੀ ਅਫਰੀਕਾ ਦੇ ਦੇਸ ਤਨਜ਼ਾਨੀਆਂ ਦੀ ਰਾਜਧਾਨੀ ਦਾਰਾ ਸਲਾਮ ਤੋਂ ਆਏ ਸ. ਮਹਿੰਦਰ ਸਿੰਘ ਪਾਲਰੇ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਇੱਕ ਐਸੀ ਸੰਸਥਾ ਖੜ੍ਹੀ ਕਰਨ ਦੀ ਆਗਿਆ ਕੀਤੀ ਹੈ ਜਿਹੜੀ ਦੇਸਾਂ ਪ੍ਰਦੇਸਾਂ ਵਿੱਚ ਵੱਖ ਵੱਖ ਬੋਲੀਆਂ ਵਿੱਚ ਸੰਖੇਪ ਤੇ ਦਿਲਚਸਪ ਢੰਗ ਨਾਲ ਸਿੱਖ ਹਿਸਟਰੀ ਪੇਸ਼ ਕਰ ਸਕੇ ਅਤੇ ਗੁਰਬਾਣੀ ਦੀ ਸ਼ੁੱਧ ਮਨਸ਼ਾ ਤੇ ਭਾਵ ਸਪਸ਼ਟ ਕਰਕੇ ਲਿਖੇ, ਛਾਪੇ ਅਤੇ ਪਰਚਾਰੇ ਪਰਸਾਰੇ।

**ਸਕਿਉਰਟੀ ਵਾਲੇ –** ਐਸਾ ਮੌਸਮ ਆ ਗਿਆ ਹੈ ਕਿ ਹਰ ਪਰਿਵਾਰ ਦੇ ਉੱਚ ਵਿਅਕਤੀ ਨੂੰ ਸੁਰੱਖਿਆ ਦੀ ਲੋੜ ਪ੍ਰਮੁੱਖ ਅੰਗ ਬਣ ਗਈ ਹੈ। ਪਿਛਲੇ ਦਿਨਾਂ ਤੋਂ ਮੈਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਵੀ ਸਰਕਾਰ ਵਲੋਂ 6-7 ਸੀ. ਆਰ. ਪੀ. ਦੇ ਸੁਰੱਖਿਆ ਕਰਮੀ ਵੇਖ ਰਿਹਾ ਹਾਂ। ਗ਼ੈਰ ਸਰਕਾਰੀ ਲੋਕ ਸੁਰੱਖਿਆ ਸੇਵਾ ਨਿਬਾਹ ਰਹੇ ਹਨ : ਸ਼ਿੰਦਰ ਸਿੰਘ ਬੋਘਲ, ਪੂਰਨ ਸਿੰਘ ਸੰਤ ਨਗਰ, ਰਣਧੀਰ ਸਿੰਘ ਢੈਂਠਲ, ਅਮਰ ਸਿੰਘ ਭਿੰਡਰ ਆਦਿ ਦੋ ਤਿੰਨ ਹੋਰ ਨੌਜੁਆਨ।

**ਬਲਜੀਤ ਸਿੰਘ ਨੂੰ ਸੋਭਾ –** ਸੰਤ ਜਸਵੰਤ ਸਿੰਘ ਟੇਲਰ ਦੀ ਦੁਕਾਨ ਤੇ ਕਰੋਲ ਬਾਗ ਗਿਆਂ ਸੰਤ ਗੁਰਬਚਨ ਸਿੰਘ ਖਾਪੜਖੇੜੀ ਜ਼ਿਲ੍ਹਾ ਅੰਮ੍ਰਿਤਸਰ ਮਿਲਿਆ। ਉਸਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਣਾਨਵਾਦ ਗਾਉਂਦਿਆਂ ਦੱਸਿਆ ਕਿ ਉਸਦੇ ਲੜਕੇ ਬਲਜੀਤ ਸਿੰਘ ਨੂੰ ਸੱਚੇ ਪਾਤਸ਼ਾਹ ਜੀ ਨੇ ਸੰਗੀਤ ਦੀ ਐਸੀ ਦਾਤ ਬਖਸ਼ ਦਿੱਤੀ ਹੈ ਕਿ ਜਿੱਥੇ ਵੀ ਚਲਾ ਜਾਵੇ ਸੋਭਾ ਅਤੇ ਰੋਟੀ ਕਮਾ ਲਵੇਗਾ। ਪਿਛਲੇ ਦਿਨੀਂ ਭੋਪਾਲ ਗਿਆ ਤਾਂ ਓਥੋਂ ਦੇ ਸੰਗੀਤ ਪ੍ਰੋਗਰਾਮਾਂ ਦੇ ਆਯੋਜਕ ਸ਼੍ਰੀ ਬਾਜਪਾਈ ਨੇ ਇੱਕ ਬੈਠਕ ਦੇ 2000/- ਹੋਟਲ ਤੇ ਹਵਾਈ ਟਿਕਟ ਦਾ ਖਰਚ ਦੇ ਕੇ ਮਾਣ ਵੀ ਦਿੱਤਾ ਅਤੇ ਗਵਾਲੀਅਰ ਵਿਖੇ ਤਾਨਸੈਨ ਸੰਗੀਤ ਸਮਾਰੋਹ ਵਾਸਤੇ ਬੁੱਕ ਕਰਕੇ 2500/- ਦਿੱਤੇ। ਬਲਜੀਤ ਨੂੰ ਇਸ ਸਮਾਰੋਹ ਤੇ ਵੀ ਸ਼ੋਭਾ ਤਾਂ ਮਿਲੀ ਪਰ ਇਸਨੇ ਸ੍ਰੀ ਸਤਿਗੁਰੂ ਜੀ ਦਾ ਜ਼ਿਕਰ ਵੀ ਕਰਵਾਇਆ, ਜਿਨ੍ਹਾਂ ਨੇ ਸ਼ਾਸਤਰੀ ਸੰਗੀਤ ਦੀ ਵ੍ਰਿਧੀ ਲਈ ਬਹੁਤ ਸਾਰੇ ਸੰਮੇਲਨ ਕਰਵਾਏ, ਕਲਾਕਾਰਾਂ ਦੀ ਸਹਾਇਤਾ ਕੀਤੀ ਅਤੇ ਅਨੇਕਾਂ ਨਵੇਂ ਬੱਚਿਆਂ ਨੂੰ ਸੰਗੀਤ ਵਿੱਚ ਪਾਰੰਗਤ ਕੀਤਾ।

**ਚਲਦਾ....**

**ਸ਼ਾਮ ਦਾ ਦੀਵਾਨ –** ਸਾਹਿਬਪੁਰੇ ਅਤੇ ਵਿਸ਼ਨੂੰ ਗਾਰਡਨ ਆਦਿ ਕਾਲੋਨੀਆਂ ਵਿੱਚ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ 4 ਵਜੇ ਤੋਂ ਕੁਝ ਮਿੰਟਾਂ ਪਿੱਛੋਂ ਨਾਮਧਾਰੀ ਧਰਮਸਾਲਾ ਰਮੇਸ਼ ਨਗਰ, ਵਿਖੇ ਨਾਮ ਸਿਮਰਨ ਸਮੇਂ ਆ ਦੀਵਾਨ ਵਿੱਚ ਸਸ਼ੋਭਤ ਹੋਏ। ਸੰਤ ਅਜੀਤ ਸਿੰਘ ਖੰਨਾ ਜਿਸਦੇ ਲੜਕੇ ਕੈਨੇਡਾ ਵਿੱਚ ਹਨ, ਆਪਣੇ ਪੋਤਰਿਆਂ ਨੂੰ ਨਾਮਧਾਰੀਅਤ ਦੇ ਲਾਗੇ ਰੱਖਣ ਲਈ ਸ਼ਹੀਦ ਬਿਸ਼ਨ ਸਿੰਘ ਸਕੂਲ ਵਿੱਚ ਪੜ੍ਹਾਈ ਵਾਸਤੇ ਏਥੇ ਕੋਲ ਰਹਿੰਦਾ ਹੈ, ਰੋਜ਼ਾਨਾ ਦੀਵਾਨਾਂ ਵਿੱਚ ਪਹੁੰਚਦਾ ਹੈ।

ਦੀਵਾਨ ਅੰਤ ਤੇ ਇੱਕ ਸਰਦਾਰ ਜੀ ਸਮੇਤ ਪਤਨੀ ਡੈਨਮਾਰਕੋਂ ਆਏ ਹੋਏ ਵਿਸ਼ੇਸ਼ ਦਰਸ਼ਨਾਂ ਲਈ ਗੁਰੂ ਕੇ ਹਜ਼ੂਰ ਪਹੁੰਚੇ। ਇਨ੍ਹਾਂ ਡੈਨਮਾਰਕ ਦੇ ਅਨੇਕਾਂ ਰੈਫਰੈਂਸ ਸ੍ਰੀ ਸਤਿਗੁਰੂ ਜੀ ਨੂੰ ਦਿੱਤੇ। ਸਤਿਗੁਰੂ ਜੀ ਨੇ ਪਛਾਣ ਕੇ ਬਚਨ ਕੀਤਾ : ਹੁਣ ਮਾਸ ਸ਼ਰਾਬ ਤਾਂ ਨਹੀਂ ਨ ਵਰਤਦੇ? ਸਰਦਾਰ ਜੀ ਕੁਛ ਝੇਂਪੇ। ਪਤਨੀ ਨੇ ਦੱਸਿਆ ਕਿ ਅਵੱਗਿਆ ਹੋ ਗਈ ਸੀ। ਕੁਛ ਹੋਰ ਬਚਨਾਂ ਉਪਰੰਤ ਪੂਰਬੇ ਨੇ ਜੋੜੇ ਨੂੰ ਮੁੜਕੇ ਭਜਨ ਦੇ ਦਿੱਤਾ। ਸ. ਜੀ ਦਾ ਨਾਮ ਹੈ ਜੁਗਿੰਦਰ ਸਿੰਘ ਅਤੇ ਬੀਬੀ ਜੀ ਹਨ ਹਰਲਵਲੀਨ ਕੌਰ। ਦੋਵੇਂ ਜੀ ਪਰਮ ਸੰਤੁਸ਼ਟ ਸਨ।

ਸਕੱਤਰ ਨੇ ਖੁਦ ਐਲਾਨ ਕੀਤਾ ਕਿ ਸਵੇਰ ਦਾ ਕੋਈ ਪ੍ਰੋਗਰਾਮ ਨਹੀਂ। ਅਰਥਾਤ ਸਤਿਗੁਰੂ ਜੀ ਕੱਲ੍ਹ ਦਿੱਲੀ ਵਿਖੇ ਨਹੀਂ ਹੋਣਗੇ। ਕੋਠੀ ਪੂਸਾ ਰੋਡ ਵਿਖੇ ਹਰਭਜਨ ਸਿੰਘ ਸਿਤਾਰ, ਗੁਰਦੇਵ ਸਿੰਘ ਸਰੋਦ, ਧਰਮਵੀਰ ਸਿੰਘ ਸਿਤਾਰ, ਮਿਸ਼ਰਾ ਬੰਧੂ, ਪੰ. ਦੁਰਗਾ ਲਾਲ ਆਦਿ ਨਾਲ ਇੱਕ ਸੰਗੀਤ ਸਭਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ, ਜਿਸ ਵਿੱਚ ਸਾਜ਼ਾਂ ਅਤੇ ਆਵਾਜ਼ਾਂ ਦਾ ਭਰਪੂਰ ਆਨੰਦ ਰਿਹਾ।

ਤਰਸੇਮ ਸਿੰਘ ਦੁਆਰਾ ਸਪਸ਼ਟ ਹੋ ਗਿਆ ਕਿ 18 ਜਨਵਰੀ ਤੋਂ ਨੈਰੋਬੀ ਦਾ ਦੌਰਾ ਅੱਗੇ ਜਾ ਪਿਆ ਹੈ। ਇਸ ਦਿਨ ਦੀਆਂ ਲੋੜੀਂਦੀਆਂ ਹਵਾਈ ਟਿਕਟਾਂ ਨਹੀਂ ਮਿਲੀਆਂ।

## 8 ਜਨਵਰੀ 1987, ਵੀਰਵਾਰ
## ਨਵੀਂ ਦਿੱਲੀ

**ਨਰੂਲਿਆਂ ਦਾ ਝਗੜਾ –** 11 ਵਜੇ ਕੋਠੀ ਪੂਸਾ ਰੋਡ ਜਾਣ ਦਾ ਇਤਿਫਾਕ ਹੋਇਆ ਤਾਂ ਮੈਨੂੰ ਏਥੇ ਸੇਠ ਗਜਿੰਦਰ ਸਿੰਘ ਨਰੂਲਾ ਮਿਲੇ। ਇਹ 19-12-86 ਦੇ ਬੇਬੇ ਦਲੀਪ ਕੌਰ ਜੀ ਨਾਲ ਬੈਂਕੋਕ ਤੋਂ ਭਾਰਤ ਆਏ ਹੋਏ ਹਨ। ਸੰਤ ਗੁਲਜ਼ਾਰ ਸਿੰਘ ਦਮਦਮਾ ਨਾਲ ਇਹਨਾਂ ਦੀ ਗੱਲ ਬਾਤ ਤੋਂ ਪਤਾ ਲੱਗਾ ਕਿ ਇਹਨਾਂ ਭਰਾਵਾਂ ਦਾ ਸੇਠ ਪਿਆਰਾ ਸਿੰਘ-ਵਜਿੰਦਰ ਸਿੰਘ ਅੰਮ੍ਰਿਤਸਰ ਕਲਾਂ (ਸਰਸਾ) ਵਿਚਲੀ ਸਾਂਝੀ ਜ਼ਮੀਨ ਜੋ ਕਿਲੇ ਵੱਲ ਹੈ। ਸੇਠ ਵਜਿੰਦਰ ਸਿੰਘ ਦਾ ਕਹਿਣ ਸੀ ਕਿ ਅਜੇ ਤਾਂ ਉਸਨੂੰ 60,000/- ਅਤੇ 12,000/- ਹੀ ਮਿਲਿਆ ਹੈ। ਜਦ ਤੱਕ ਉਸ ਨਾਲ ਪਿਛਲਾ ਹਿਸਾਬ ਨਹੀਂ ਮੁੱਕਦਾ, ਨਾ ਜ਼ਮੀਨ ਵੇਚਣ ਦਾ ਸੁਆਲ ਪੈਦਾ ਹੁੰਦਾ ਹੈ, ਨਾ ਇਕੱਠੇ ਰਹਿਣ ਦਾ। ਸੰਤ ਗੁਲਜ਼ਾਰ ਸਿੰਘ 20-1-87 ਨੂੰ ਇਹਨਾਂ ਬਾਰੇ ਕੋਈ ਫੈਸਲਾ ਕਰਨ ਜਾ ਰਿਹਾ ਹੈ।

**ਕਿਸੇ ਨੂੰ ਨਾ ਦੱਸੀਂ –** ਅੱਜ ਸੰਤ ਸੇਵਾ ਸਿੰਘ ਸਭਰਵਾਲ ਦੀ ਪਤਨੀ ਦਾ WZ-644/1 ਰਤਨ ਪਾਰਕ ਵਿੱਚ ਭੋਗ ਪੈਣਾ ਸੀ। ਮੇਰੀ ਪਤਨੀ ਇਸ ਅਵਸਰ ਤੇ ਪਹੁੰਚੀ। ਘਰ ਆ ਕੇ ਉਸ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਤਾਂ ਕੋਠੀ ਆਏ ਹੋਏ ਹਨ।

"ਤੁਹਾਨੂੰ ਪਤਾ ਨਹੀਂ ਲੱਗਾ?" ਸੁਪਤਨੀ ਨੇ ਪੁੱਛਿਆ।

"ਕਿਵੇਂ, ਉਹ ਤਾਂ ਅੱਜ 17-ਓ ਰਾਜਸਥਾਨ ਵਿਚ ਹੋਣੇ ਚਾਹੀਦੇ ਸਨ, ਗੰਗਾ ਨਗਰ ਜ਼ਿਲ੍ਹੇ ਵਿੱਚ।

ਸ੍ਰੀ ਮਤੀ : ਸੱਚੇ ਪਾਤਸ਼ਾਹ ਬਿਮਾਰ ਹੋ ਕੇ ਏਥੇ ਆਏ ਹਨ, ਰਾਤ ਦੇ, ਪਰ ਕਿਸੇ ਨੂੰ ਦੱਸਿਆ ਨਹੀਂ ਗਿਆ।

ਮੈਂ : ਤੁਹਾਨੂੰ ਕਿਨ ਦੱਸਿਆ??

"ਪ੍ਰੀਤਮ ਕੌਰ ਰਮੇਸ਼ ਨਗਰ ਨੇ ਦੱਸਿਆ ਹੈ, ਕਹਿੰਦੀ ਸੀ ਕਿਸੇ ਨੂੰ ਦੱਸਿਆ ਨਹੀਂ ਗਿਆ।

"ਫੇਰ ਤੂੰ ਮੈਨੂੰ ਕਿਉਂ ਦੱਸਿਆ?"

"ਉਸ ਮੈਨੂੰ ਕਿਉਂ ਦੱਸਿਆ! ਉਸਨੇ ਹੋਰਨਾਂ ਨੂੰ ਵੀ ਦੱਸਿਆ ਹੋਵੇਗਾ। ਪਰ ਤੁਹਾਨੂੰ ਤਾਂ ਇਸ ਗੱਲ ਦਾ ਪਤਾ ਲੱਗਣਾ ਹੀ ਚਾਹੀਦਾ ਸੀ। ਤੁਸੀਂ ਲਿਖਦੇ ਜੂ ਹੋਏ ਸਤਿਗੁਰਾਂ ਬਾਰੇ। ਕੱਲ੍ਹ ਦਰਸ਼ਨ ਕਰਨ ਜਾਂ ਪਤਾ ਲੈਣ ਜਾਓਗੇ?"

"ਨਾ, ਮੈਂ ਤਾਂ ਨਹੀਂ ਜਾਂਦਾ। ਜਦੋਂ ਉਨ੍ਹਾਂ ਕਿਸੇ ਨੂੰ ਦੱਸਣਾ ਨਹੀਂ ਤਾਂ ਮੈਂ ਪਤਾ ਕਰਨ ਜਾ ਕੇ ਦੱਸ ਦਿਆਂ ਕਿ ਮੈਨੂੰ ਪਤਾ ਲੱਗ ਗਿਆ ਹੈ?"

**ਚਲਦਾ....**

# Significant association of 'all forms' of non-vegetarian diet with cancers and cardiovascular disease

**Dr. Ajmer Singh (M.B.B.S.)**

This article aims to present the latest research findings on the link of diet with cancers and cardiovascular disease. The latest medical research has challenged the earlier notions of the safety of white meat, eggs and fish consumption. Using large-scale data and investigative tools, recent research findings have put many foods, earlier considered to be healthier, in the domain of 'harmful category', that are best avoided for protection against the lethal diseases of humankind.

*Latest medical research findings*

In earlier understanding of the association between non-vegetarian diet and cancers, scientists differentiated 'red' meat from 'white' meat. Red meat comes from adult animals like beef, horse and goat, while white meat comes from animals like poultry (chicken), rabbits, small mammals like veal and lambs, and pig. While the association of red meat with cancers has been well-established since long, the consumption of white meat, eggs and fish was usually considered healthier than red meat, and no causal links to cancers were highlighted in many of the earlier studies. However, recent medical evidence has confirmed that consumption of even white meat is significantly associated with various forms of cancers. An article by Liz Meszaros in MDLinx dated October 5, 2020 stated, 'In a surprising development, researchers have just found that eating poultry—including chicken—may be associated with increased risks for non-Hodgkin lymphoma, malignant melanoma, and prostate cancer.' The results of this finding were published in Journal of Epidemiology and Community Health. The title of the article is interesting, 'Does everything cause cancer now?' It also indicates a significant concern for the community since the diet of Western society is largely composed of meats, whether red or white. Now that the white meat is known to cause cancers, it is necessary for those societies to reconsider their diets. It should be noted that the title 'Does everything cause cancer now?' is not correct, since fruits and vegetables are known to prevent the onset and development of cancers. An analysis of the latest medical research on PubMed, free search engine accessing primarily the MEDLINE database of references and abstracts on life sciences and biomedical topics and maintained by United States National Library of Medicine, is provided herewith. The studies which have either been inconclusive or in grey area, citing further research using higher cohort numbers, are not

included.

***Fruits and vegetables***

A meta-study conducted by scientists in Shandong and Huazhong universities of China with National Institutes of Health and Harvard School of Public Health of US in 2014 had concluded that higher consumption of fruit and vegetables is associated with a lower risk of all cause mortality, particularly cardiovascular mortality. Similarly, a study by researchers in University of Barcelona, Carlos III Health Institute and Catalan Institute of Oncology in Spain in 2020 concluded the benefits of fruits and vegetables among cancer survivors. The study highlighted increased need of fruits and vegetables from an earlier recommendation of 5 servings per day corresponding to 400 grams/day to 600 grams/day in cancer survivors. A study in France in 2019 recommended a fruit and vegetable intake of 800 grams/day for protection against cardiovascular diseases and 600 grams/day for protection against cancers. A study at University at Buffalo and Roswell Park Comprehensive Cancer Center indicated that intake of cruciferous vegetables decreased the risk of stomach cancer. A research at Harvard T.H. Chan School of Public Health and University of Toronto concluded the beneficial effect of fruits and vegetables consumption for prevention of breast cancer. In 2021, a systematic review by The European Prospective Investigation into Cancer and Nutrition (EPIC), a multicentre prospective study conducted in 23 centres in 10 European countries, was published. The review re-iterated the benefits of fruit and vegetable consumption for protection against colorectal, breast, and lung cancer, whereas only fruit was found to have a protective effect against prostate cancer.

Therefore, everything definitely does not cause cancer. Vegetarian diet composed of fruits and vegetables has been documented in latest scientific studies also, to be beneficial in protection against various cancers. What has changed is the scientific position on white meat, eggs and fish consumption, where the causal link of their consumption to cancer development is not established as per the latest studies.

***New evidence on white meat, eggs and fish consumption and its link to diseases***

A study conducted by multiple institutes in Iran in 2019 concluded that red meat, processed meats (sausages), chicken with skin and the risk of Esophageal cancer. Stomach cancer Pooling (StoP) Project is a consortium of epidemiological studies of gastric cancer. Harmonized data of the project including 34 studies and a total of 13,121 cases and 31,420 controls was released recently. According to a publication of the project in 2020, consumption of all kinds of meat increased the risk of Gastric cancer. It must be worthwhile mentioning here that a 'positive result is more definite and certain in scientific domain than a negative result.' Hence, wherever an association has been found between a diet and health risk, it must be taken into consideration as absence of correlation (negative result) may be due to a number of factors, including the mechanism of disease progression and cohort study size. Gien the fact that white meats are now recognized as potential health hazards, one

may ask about the eggs and fish. How their consumption affects disease progression in cancers?

The link of egg consumption with cancers has already been highlighted by many previous studies. A multisite case-control study in Uruguay had reported significant increase in the odds of cancers of the oral cavity and pharynx, upper aerodigestive tract, colorectum, lung, breast, prostate and bladder with the consumption of eggs. In 2019, a study published by Tehran University of Medical Sciences Isfahan University of Medical Sciences with other departments reported a significantly higher risk of upper aerodigestive tract cancers with egg consumption in hospital case-control studies, although the same could not be established in population based studies. A study published in 2022 by Central South University (China), National Institutes of Health (US) and Finnish Institute for Health and Welfare (Finland) reported that greater dietary cholesterol and egg consumption were associated with increased risk of overall and cardiovascular disease (CVD)-related mortality. A study by Zhejiang University in 2021 also reported higher CVD mortality risk with egg and cholesterol consumption. Similarly, a study conducted by IRCCS NEUROMED and University of Insubria in Italy in 2021 indicated that egg consumption led to an increased risk of all-cause and CVD mortality, with the risk being evident even at the recommended intake of 2-4 eggs per week. The authors highlighted the need for limiting egg consumption in the Italian diets. A research by Hebei Medical University (China) in 2015 had indicated the link of egg consumption with ovarian cancer. Earlier, the Chinese University of Hong Kong had concluded the egg consumption increases the risk of breast cancer. Simlar results had been reported earlier in 204 by Gansu Provincial Hospital (China). A recent study by researchers in China and United States reported that the preserved egg consumption is associated with a modestly higher risk of Non-Acoholic Fatty Liver Disease among the Chinese adult population.

Earlier studies have either generated inconclusive results on the link of fish consumption with cancer or reported certain protection in some cases. However, a large-scale study, whose findings have been published recently, now challenge this notion, similar to the notion held earlier for white meats. Twenty five years ago, the NIH-AARP (American Association of Retired Persons) Diet and Health Study was initiated by National Institutes of Health to investigate relations among diet, lifestyle, and cancer. According to the information given on the portal of National Cancer Institute 'Division of Cancer Control & Population Sciences', 'In 1995 and 1996, the study recruited more than 560,000 AARP members, aged 50 to 71 years, who resided in one of six states (California, Florida, Pennsylvania, New Jersey, North Carolina, and Louisiana) or in two metro-politan areas (Atlanta, Georgia, and Detroit, Michigan). The baseline questionnaire collected information on diet and some lifestyle factors. Subsequently in 1996 and 1997, the study mailed the participants a Risk-Factor Questionnaire which asked additional

questions about lifestyle and behavior. In 2004 to 2006, a follow-up questionnaire was administered. The study ascertains cancer incidence through a linkage of the cohort to state cancer registries and vital status through the Social Security Administration Death Master File and follow-up searches of the National Death Index Plus.' A very recent research study, published in Cancer Causes & Control journal dated June 9, 2022 highlighted the link of fish consumption to cancer development. This study is very significant since it utilized data from a large number of individuals (491,367 adults) from the NIH-AARP Diet and Health Study program. The study conclusively established that a higher total fish intake, tuna intake, and non-fried fish intake were positively associated with risk of both malignant melanoma and melanoma in situ. Now, the researchers are investigation the mechanisms behind the reason for cancer development with fish consumption.

***Reasons for higher risk of cancers with non-vegetarian diet***

Although this is an area of active research, two mechanisms are known commonly recognized for the higher safety of fruits and vegetables versus harmful nature of non-vegetarian foods. These two mechanisms are 'Bioaccumulation' and 'Protein Oxidation'. Bioaccumulation is the progressive increase in the concentration of compounds and xenobiotics from plants to animals, up the food chain. These often result in higher concentration of toxic compounds in fish, chicken and mammals. Protein Oxidation is the generally irreversible changes in protein structure and function, when it is consumed by an animal. If the oxidized proteins are consumed by humans, a number of disease states can happen, since oxidized proteins lead to protein aggregation and malfunction. The biological mechanism of the link of bioaccumulation and protein oxidation is a matter of another review. Here, it may be sufficient to indicate that it is best to consume a plant protein than an animal protein, as animal proteins are highly oxidized and render human prone to various diseases.

Coming back to the question of 'Does everything cause cancer now?, it can be concluded from the plethora of carefully collected and scrutinized medical evidence that 'Every non-vegetarian food has the propensity to cause cancer.' It must be mentioned that improperly cultivated vegetables (for example, using heavy doses of agrochemicals or around industrial areas) also carry a health risk. However, it is possible to manage the agrochemicals with careful handling or identify potential areas where certain vegetables should not be grown. Thus, while the potential harm associated with improperly cultivated vegetables is 'extraneous' or 'outside' in nature, the harmful effect of animal tissue diet is 'inherent' in the form of protein oxidation, apart from other mechanisms.

This is a high time that public and especially the medical practitioners, recognize the harmful effects of non-vegetarian food, given the conclusive medical evidence in the latest scientific research, and modify their recommendations accordingly. This would really help save the public exchequer, improve community health, bolster responsible farming and honest medical practice.

..................................................

# A Saga Of
# Sri Satguru Jagjit Singh Ji



**Dr. Sharada Jayagovind**

Many turned over a new leaf. When such interventions did not transform some persons, he would admonish them by saying:

“Satguru will not visit your house.”

Usually, that was enough to cure them. For a Namdhari, that is the ultimate punishment.

**VII**

Patsha ji's love for sports and physical fitness is well known. As a child Patsha ji had learnt the value of physical activities and was a keen sportsman. Patsha ji played many games and his favourite games were football, badminton and hockey. During his youth, he was a good wrestler too. He loved cycling and would cycle long distances with friends on the pillion. Along with friends he would go trekking as he was very fond of spending time amidst Nature. Green trees, mountain ranges, lakes and rivers always attracted him.

Patsha ji loved swimming and was an expert swimmer. One day he was travelling with his aide Sant Balkar Singh from Sri Bhaini Sahib to Gurusar. Just a mile to the destination, they saw a partially frozen canal. It was mid-winter and bitter cold winds were sweeping through. Before the aide could object, Patsha ji got out of the car and leapt into the water. He swam across the canal three times and after a
while, suddenly dived into the water. A passerby shouted at the aide:

“Your companion will not survive this cold water, pull him out, light a fire and warm him.”

The worried aide stood helplessly.

After some time, Patsha ji stepped out of water, dried himself, put on his clothes and walked towards the car joyfully. With a puzzled look on his face, the man exclaimed:

“Do not know of what skin these people are made of.”

Patsha ji could never resist a good swim. He could become one with the elements of Nature which would do him no harm.

At Neelo Dera, he would climb up the mango trees on the banks of the canal and dive into the waters below. He could swim against the current even during the rainy season when the river was in full spate. Whenever he went to Bangkok, he would go to the beaches of Bang Saen and swim to his heart's content.

He promoted this love for sports and physical fitness in everyone. In later days when Patsha ji had to work round the clock, meeting people, holding discourses and performing seva, he used to find a little time to keep himself fit by playing badminton.

Patsha ji's grandson Jai Singh remembers that during long flights, Patsha ji would stand in the aisle of the aircraft and perform a few swift exercises.

At home, Patsha ji used to do quick pull-ups in the corridors as he waited for his aides to get ready with water for his bath. If Patsha ji noticed youngsters with a paunch, he would gently tap them on the stomach and say:

“You have to do something about it.”

Patsha ji was very careful about his diet. He was lean and elegant and was not overweight at any time in his life. His doctors said that the secret of his fast recovery after ailments even in advanced age was due to his disciplined lifestyle.

Dr Narinder Pal, cardiologist from Bangkok, who is one of those who has literally “seen” the heart of Satguru ji, said:

“After a major bypass surgery in Adelaide, Australia, on the third day Patsha ji was moving around and on the fourth day, he was going up and down the staircase. That was amazing because patients much younger to him in the hospital could not do so after they had undergone a similar operation.”

His Holiness was not only physically agile but also mentally alert. He had an inquisitive mind, ever ready to learn new facts and information. According to Dr G. L. Avasthi, Patsha ji's personal physician, Patsha ji believed in allopathy though he was not averse to other branches of medicine. Patsha ji would show newspaper clippings of medical breakthroughs in naturopathy or alternative medicine to Dr Avasthi and ask him:

"Doctor Saheb, have you come across this new finding? What do you think about it?"

Dr. Avasthi says:

"As a patient, Patsha ji was open-minded and receptive. He was an extremely compliant patient and never created a fuss about anything."

Very readily, he would allow the doctors to take as many blood samples as they required for testing as though he felt no pain.

But Mata Chand Kaur ji, Patsha ji's wife, would complain:

"Why do you keep troubling Patsha ji by pricking him with needles?"

Patsha ji commanded respect from all doctors who met him at the hospital. Dr. Avasthi says:

"People would speak to him and would be charmed with his aura, charisma and attraction. We remember every moment we spent with him."

It was the same in the Escorts Hospital, Delhi, where Satguru ji was treated by Dr. Naresh Trehan, Dr. T. S. Kler and Dr. Ashok Seth.

A striking feature of Satguru ji's personality was his quest for perfection in everything he did - be it rolling a roti or composing a new bandish. He set an example by involving himself completely in any project he took up. While setting up and establishing Satguru Partap Singh Hospitals or Namdhari Farm in Bidadi, he would attend to minute details, monitor the progress, help to solve the problems and celebrate milestones met. He chose the right person for the projects and in the case of Namdhari Farm, he showered the credit of success on Thakur Uday Singh ji, now his worthy successor on the throne.

**To be continued......**

# ਪੁਸਤਕਾਂ ਰਿਲੀਜ਼

















# ਮਾਨ ਸਨਮਾਨ










# ਵਿਸ਼ੇਸ਼ ਬੁਲਾਰੇ



ਗਿਆਨੀ ਜਸਬੀਰ ਸਿੰਘ ਕੁਹਾਲਾ



ਗਿਆਨੀ ਗੁਰਵਿੰਦਰ ਸਿੰਘ ਨੰਗਲੀ



ਗਿਆਨੀ ਗੁਰਜੰਟ ਸਿੰਘ ਪਟਿਆਲਾ




ਕੁਲਤਾਰ ਸਿੰਘ ਸੰਧਵਾਂ
ਪੰਜਾਬ ਵਿਧਾਨ ਸਭਾ ਦੇ ਸਪੀਕਰ



ਸ. ਸੁਵਰਨ ਸਿੰਘ ਵਿਰਕ



ਬਾਬਾ ਪਰਮਜੀਤ ਸਿੰਘ
ਹੰਸਾਲੀ ਸਾਹਿਬ



ਸੰਤ ਨਿਸ਼ਾਨ ਸਿੰਘ



ਪੰਡਤ ਯਾਦਵਿੰਦਰ ਸਿੰਘ



ਗੁਰਭੇਜ ਸਿੰਘ ਗੁਰਾਇਆ

ਬਾਬਾ ਪਰਦੀਪ ਸਿੰਘ
ਡੇਰਾ ਗਊਸ਼ਾਲਾ ਬਦਨੀ





ਗੁਰਲਾਲ ਸਿੰਘ

# ਸੇ ਵਡਭਾਗੀ ਜਿ ਗੁਰਿ ਸੇਵਾ ਲਾਏ

















# ਸੁੱਚੇ – ਮੋਤੀ

ਚਰਿੱਤਰ ਮਨੁੱਖ ਦੇ ਅੰਦਰ ਰਹਿੰਦਾ ਹੇ ਤੇ ਜਸ ਬਾਹਰ।

**ਅਗਿਆਤ**

ਚਰਿੱਤਰ ਕੇਵਲ ਇਕ ਲੰਮੀ ਆਦਤ ਦਾ ਨਾਂ ਹੀ ਤਾਂ ਹੈ।

**ਪਲੂਟਾਰਚ**

ਪ੍ਰਤਿਭਾ ਇਕਾਂਤ ਵਿੱਚ ਵਿਗਸਦੀ ਹੈ ਤੇ ਚਰਿੱਤਰ ਮਨੁੱਖਤਾ ਦੇ ਸਮੁੰਦਰ ਵਿੱਚ।

**ਗੋਇਖੇ**

ਜੇ ਤੁਸੀਨ ਕਿਸੇ ਬੰਦੇ ਦਾ ਚਰਿੱਤਰ ਅਜਮਾਉਣਾ ਹੈਤਾਂ ਉਸ ਦੇ ਹੱਥ ਤਾਕਤ ਦੇ ਦਿਉ।

**ਅਬਰਾਹਮ ਲਿੰਕਨ**

ਇਕ ਆਦਮੀ ਪਛਾਣਿਆ ਜਾਂਦਾ ਹੈ ਕਿਤਾਬਾਂ ਤੋਂ, ਜਿਹੜੀਆਂ ਉਹ ਪੜ੍ਹਦਾ ਹੈ। ਸੰਗਤ ਤੋਂ ਜਿਹੜੀ ਉਹ ਰੱਖਦਾ ਹੈ। ਪ੍ਰਸੰਸਾ ਤੋਂ ਜਿਹੜੀ ਉਹ ਦਿੰਦਾ ਹੈ। ਆਪਣੇ ਸੁਆਦਾਂ ਤੇ ਅਸੁਆਦਾਂ ਤੋਂ। ਕਹਾਣੀਆਂ ਤੋਂ ਜਿਹੜੀਆਂ ਉਹ ਸੁਣਾਉਂਦਾ ਹੈ। ਆਪਣੀ ਚਾਲ ਤੋਂ। ਆਪਣੀ ਹਰਕਤਾਂ ਤੋਂ।ਆਪਣੇ ਘਰ, ਆਪਣੇ ਕਮਰੇ ਦੀ ਦਿੱਖ ਤੋਂ। ਕਿਉਂਕਿ ਧਰਤੀ ਤੇ ਕੁੱਝ ਵੀ ਨਿਰਸੰਬੰਧ ਨਹੀਂ, ਸਗੋਂ ਹਰੇਕ ਚੀਜ਼ ਦੇ ਅਣਗਿਣਤ ਰਿਸ਼ਤੇ ਹਨ।

**ਐਮਰਸਨ**

ਮਨੁੱਖ ਦਾ ਅਨੁਮਾਨ ਕਦੀ ਵੀ ਉਸ ਦੀਆਂ ਤਰੁੱਟੀਆਂ ਤੋਂ ਨਹੀਂ ਲਾਉਣਾ ਚਾਹੀਦਾ। ਮਨੁੱਖ ਵਿੱਚ ਜੋ ਮਹਾਨ ਗੁਣ ਹੁੰਦੇ ਹਨ, ਉਹ ਉਸ ਦੇ ਆਪਣੇ ਹਨ, ਪਰ ਉਸ ਦੀਆਂ ਤਰੁੱਟੀਆਂ ਮਾਨਵਤਾ ਦੀਆਂ ਸਾਧਾਰਨ ਦੁਰਬਲਤਾਵਾਂ ਹਨ। ਸੋ ਉਸ ਦੇ ਚਰਿੱਤਰ ਤੇ ਮੁਲਅੰਕਣ ਵਿਚ ਉਨ੍ਹਾਂ ਦਾ ਮਹੱਤਵ ਨਹੀਂ ਹੋਣਾ ਚਾਹੀਦਾ।

**ਸੁਆਮੀ ਵਿਵੇਕਾਨੰਦ**

ਫੁੱਲ ਨੂੰ ਖਿੜਨ ਦਿਉ ਮਧੂਮੁੱਖੀਆਂ ਆਪਣੇ ਆਪ ਉਸ ਕੋਲ ਆ ਬੈਠਣਗੀਆਂ, ਚਰਿਤਰਵਾਨ ਬਣੋ ਜਗਤ ਆਪਣੇ ਆਪ ਮੁਗਧ ਹੋ ਜਾਏਗਾ

**ਰਾਮ ਕ੍ਰਿਸ਼ਨ ਪਰਮਹੰਸ**

........................................................

## ਬੱਚਿਆਂ ਦਾ ਪੰਨਾ

### ਉੱਲੂ – ਜੇਮਜ ਥਰਬਰ

ਇਸੇ ਯੁੱਗ ਦੀ ਗੱਲ ਏ। ਹਨੇਰੀ ਰਾਤ ਵਿੱਚ ਇੱਕ ਉੱਲੂ ਕਿਸੇ ਬਿਰਖ ਦੀ ਟਾਹਣੀ 'ਤੇ ਗੁਆਚਾ ਬੈਠਾ ਸੀ। ਇੰਨੇ ਵਿੱਚ ਦੋ ਖਰਗੋਸ਼ ਉਧਰੋਂ ਲੰਘੇ। ਉਨ੍ਹਾਂ ਦਾ ਯਤਨ ਇਹ ਸੀ ਕਿ ਉਹ ਉਸ ਬਿਰਖ ਕੋਲੋਂ ਚੁੱਪਚਾਪ ਲੰਘ ਜਾਣ ਪਰ ਉਹ ਅੱਗੇ ਵਧੇ ਤਾਂ ਉੱਲੂ ਨੇ ਪਿੱਛੋਂ ਪੁਕਾਰਿਆ, ''ਜ਼ਰਾ ਰੁਕੋ!'' ਉਹਨੇ ਉਨ੍ਹਾਂ ਨੂੰ ਵੇਖ ਲਿਆ ਸੀ।'ਕੌਣ?'' ਦੋਵੇਂ ਖਰਗੋਸ਼ ਹੈਰਾਨੀ ਨਾਲ ਤ੍ਰਭਕਦੇ ਹੋਏ ਬੋਲੇ। ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੋਇਆ ਕਿ ਇੰਨੇ ਡੂੰਘੇ ਹਨੇਰੇ ਵਿੱਚ ਵੀ ਕੋਈ ਉਨ੍ਹਾਂ ਨੂੰ ਵੇਖ ਸਕਦਾ ਹੈ।'ਖਰਗੋਸ਼ ਭਰਾਵੋ! ਜ਼ਰਾ ਮੇਰੀ ਗੱਲ ਵੀ ਸੁਣੋ...' ਉੱਲੂ ਨੇ ਫਿਰ ਕਿਹਾ ਪਰ ਖਰਗੋਸ਼ ਬੜੀ ਤੇਜ਼ੀ ਨਾਲ ਭੱਜ ਨਿਕਲੇ ਤੇ ਜਾ ਕੇ ਦੂਜੇ ਪੰਛੀਆਂ ਤੇ ਜਾਨਵਰਾਂ ਨੂੰ ਖ਼ਬਰ ਦਿੱਤੀ ਕਿ ਉੱਲੂ ਸਭ ਤੋਂ ਵੱਧ ਚਲਾਕ ਤੇ ਬੁੱਧੀਮਾਨ ਹੈ ਕਿਉਂਕਿ ਉਹ ਹਨੇਰੇ 'ਚ ਵੇਖ ਸਕਦਾ ਹੈ ਤੇ ਔਖੇ ਸੁਆਲਾਂ ਦੇ ਉੱਤਰ ਵੀ ਦੇ ਸਕਦਾ ਹੈ। ਲੂੰਮੜੀ ਨੇ ਕਿਹਾ, ''ਮੈਨੂੰ ਜ਼ਰਾ ਇਸ ਗੱਲ ਦੀ ਜਾਂਚ ਕਰ ਲੈਣ ਦਿਉ।''ਅਗਲੀ ਰਾਤ ਲੂੰਮੜੀ ਉਸ ਬਿਰਖ ਕੋਲ ਪੁੱਜੀ ਤੇ ਉੱਲੂ ਨੂੰ ਕਹਿਣ ਲੱਗੀ, ''ਦੱਸ, ਮੈਂ ਇਸ ਸਮੇਂ ਕਿੰਨੇ ਪੰਜੇ ਚੁੱਕ ਰੱਖੇ ਨੇ?''ਉੱਲੂ ਨੇ ਝਟਪਟ ਕਿਹਾ, ''ਇੱਕ।''

ਉੱਤਰ ਠੀਕ ਸੀ।

''ਚੰਗਾ! ਇਹ ਦੱਸੋ, ਅਰਥਾਤ ਦਾ ਅਰਥ ਕੀ ਹੁੰਦਾ ਏ?'' ਲੂੰਮੜੀ ਨੇ ਪੁੱਛਿਆ। ''ਅਰਥਾਤ ਦਾ ਅਰਥ ਉਦਾਹਰਨ ਦੇਣਾ ਹੁੰਦਾ ਏ। ਲੂੰਮੜੀ ਭੱਜਦੀ ਹੋਈ ਵਾਪਸ ਆਈ। ਉਹਨੇ ਪੰਛੀਆਂ ਤੇ ਜਾਨਵਰਾਂ ਨੂੰ ਇਕੱਠਿਆਂ ਕੀਤਾ ਅਤੇ ਗਵਾਹੀ ਦਿੱਤੀ ਕਿ ਸਚਮੁੱਚ ਉੱਲੂ ਸਭ ਤੋਂ ਵੱਧ ਚਲਾਕ ਤੇ ਬੁੱਧੀਮਾਨ ਹੈ ਕਿਉਂਕਿ ਉਹ ਹਨੇਰੇ 'ਚ ਵੇਖ ਸਕਦਾ ਹੈ ਤੇ ਔਖੇ ਸੁਆਲਾਂ ਦੇ ਉੱਤਰ ਵੀ ਦੱਸ ਸਕਦਾ ਹੈ।

'ਕੀ ਉਹ ਦਿਨ ਦੀ ਰੋਸ਼ਨੀ ਵਿੱਚ ਵੀ ਵੇਖ ਸਕਦਾ ਏ?'' ਇੱਕ ਬਿਰਧ ਬਗਲੇ ਨੇ ਪੁੱਛਿਆ। ਇਹੀ ਸੁਆਲ ਇੱਕ ਜੰਗਲੀ ਬਿੱਲੇ ਨੇ ਵੀ ਕੀਤਾ। ਸਾਰੇ ਜਾਨਵਰ ਚੀਕ ਉੱਠੇ,'ਇਹ ਦੋਵੇਂ ਸੁਆਲ ਮੂਰਖਤਾ ਭਰੇ ਨੇ'। ਅਤੇ ਫਿਰ ਜ਼ੋਰ-ਜ਼ੋਰ ਨਾਲ ਕਹਿ-ਕਹੇ ਲਾਉਣ ਲੱਗੇ। ਜੰਗਲੀ ਬਿੱਲੇ ਤੇ ਬਿਰਧ ਬਗਲੇ ਨੂੰ ਜੰਗਲ ਤੋਂ ਕੱਢ ਦਿੱਤਾ ਗਿਆ ਅਤੇ ਇਕ ਮਤ ਨਾਲ ਉੱਲੂ ਨੂੰ ਸੁਨੇਹਾ ਭੇਜਿਆ ਗਿਆ ਕਿ ਉਹ ਉਨ੍ਹਾਂ ਸਾਰਿਆਂ ਦਾ ਮੁਖੀ ਬਣ ਜਾਵੇ ਕਿਉਂ ਜੋ ਉਹੀ ਸਭ ਤੋਂ ਵੱਧ ਬੁੱਧੀਮਾਨ ਹੈ। ਇਸ ਲਈ ਉਨ੍ਹਾਂ ਦੀ ਰਹਿਨੁਮਾਈ

ਤੇ ਪੱਥ-ਪ੍ਰਦਰਸ਼ਨ ਕਰਨ ਦਾ ਅਧਿਕਾਰ ਉਸੇ ਨੂੰ ਹੈ। ਉੱਲੂ ਨੇ ਇਹ ਪ੍ਰਾਰਥਨਾ ਪ੍ਰਵਾਨ ਕਰ ਲਈ। ਜਿਸ ਵੇਲੇ ਉਹ ਪੰਛੀਆਂ ਤੇ ਜਾਨਵਰਾਂ ਕੋਲ ਪੁੱਜਿਆ, ਉਸ ਵੇਲੇ ਦੁਪਹਿਰ ਸੀ। ਸੂਰਜ ਦਾ ਤੇਜ਼ ਪ੍ਰਕਾਸ਼ ਚਾਰੇ ਪਾਸੇ ਫੈਲਿਆ ਹੋਇਆ ਸੀ ਤੇ ਉੱਲੂ ਨੂੰ ਕੁਝ ਵਿਖਾਈ ਨਹੀਂ ਸੀ ਦੇ ਰਿਹਾ। ਉਹ ਫੂਕ-ਫੂਕ ਕੇ ਕਦਮ ਰੱਖ ਰਿਹਾ ਸੀ ਜਿਸ ਨਾਲ ਉਹਦੀ ਚਾਲ ਤੇ ਸ਼ਖ਼ਸੀਅਤ ਵਿੱਚ ਰੋਅਬ ਪੈਦਾ ਹੋ ਗਿਆ, ਜਿਹੜੀ ਮਹਾਨ ਵਿਅਕਤੀਆਂ ਦੀ ਵਿਸ਼ੇਸ਼ਤਾ ਹੁੰਦੀ ਹੈ। ਉਹ ਆਪਣੀਆਂ ਗੋਲ-ਮੋਲ ਅੱਖਾਂ ਖੋਲ੍ਹ-ਖੋਲ੍ਹ ਕੇ ਆਪਣੇ ਚਾਰੇ ਪਾਸੇ ਵੇਖਣ ਦਾ ਯਤਨ ਕਰਦਾ। ਪੰਛੀ ਤੇ ਜਾਨਵਰ ਵੇਖਣ ਦੇ ਇਸ ਤਰੀਕੇ ਤੋਂ ਹੋਰ ਵੀ ਵਧੇਰੇ ਪ੍ਰਭਾਵਿਤ ਹੋਏ।

''ਇਹ ਸਾਡਾ ਪੱਥ-ਪ੍ਰਦਰਸ਼ਕ ਹੀ ਨਹੀਂ, ਅਸਾਂ ਸਾਰਿਆਂ ਦਾ ਨੇਤਾ ਵੀ ਏ। ਇਹ ਤਾਂ ਦੇਵਤਾ ਏ ਦੇਵਤਾ।' ਇੱਕ ਮੋਟੀ ਮੁਰਗਾਬੀ ਨੇ ਜ਼ੋਰ ਨਾਲ ਕਿਹਾ। ਦੂਜੇ ਪੰਛੀਆਂ ਤੇ ਜਾਨਵਰਾਂ ਨੇ ਵੀ ਉਹਦੀ ਨਕਲ ਕੀਤੀ ਤੇ ਉਹ ਜ਼ੋਰ-ਜ਼ੋਰ ਨਾਲ ''ਨੇਤਾ...ਨੇਤਾ'' ਦੇ ਨਾਅਰੇ ਲਾਉਣ ਲੱਗੇ।

ਹੁਣ ਉੱਲੂ ਅਰਥਾਤ ਉਨ੍ਹਾਂ ਸਾਰਿਆਂ ਦਾ ਪੱਥ-ਪ੍ਰਦਰਸ਼ਕ ਤੇ ਨੇਤਾ ਅੱਗੇ-ਅੱਗੇ ਤੇ ਉਹ ਸਾਰੇ ਬਿਨਾਂ ਸੋਚੇ-ਸਮਝੇ ਅੰਨ੍ਹੇਵਾਹ ਉਹਦੇ ਪਿੱਛੇ-ਪਿੱਛੇ ਜਾ ਰਹੇ ਸਨ। ਪ੍ਰਕਾਸ਼ ਕਾਰਨ ਉਹਨੂੰ ਨਜ਼ਰ ਤਾਂ ਕੁਝ ਆਉਂਦਾ ਨਹੀਂ ਸੀ। ਚਲਦੇ-ਚਲਦੇ ਉਹ ਪੱਥਰਾਂ ਤੇ ਬਿਰਖਾਂ ਦੇ ਤਣਿਆਂ ਨਾਲ ਟਕਰਾਇਆ। ਬਾਕੀ ਸਾਰਿਆਂ ਦੀ ਵੀ ਇਹੀ ਦੁਰਦਸ਼ਾ ਹੋਈ। ਇਸ ਪ੍ਰਕਾਰ ਉਹ ਟਕਰਾਉਂਦੇ ਤੇ ਡਿੱਗਦੇ-ਡਿੱਗਦੇ ਜੰਗਲ 'ਚੋਂ ਬਾਹਰ ਵੱਡੀ ਸੜਕ 'ਤੇ ਪੁੱਜੇ। ਉੱਲੂ ਨੇ ਸੜਕ ਵਿਚਕਾਰ ਚੱਲਣਾ ਸ਼ੁਰੂ ਕਰ ਦਿੱਤਾ। ਬਾਕੀ ਸਾਰਿਆ ਨੇ ਵੀ ਉਹਦੀ ਨਕਲ ਕੀਤੀ। ਥੋੜ੍ਹੀ ਹੀ ਦੇਰ ਮਗਰੋਂ ਇੱਕ ਗਰੁੜ ਨੇ, ਜਿਹੜਾ ਉਸ ਭੀੜ ਦੇ ਨਾਲ ਉੱਡ ਰਿਹਾ ਸੀ, ਵੇਖਿਆ ਕਿ ਦੂਰੋਂ ਇੱਕ ਟਰੱਕ ਤੇਜ਼ ਰਫ਼ਤਾਰ ਨਾਲ ਆ ਰਿਹਾ ਹੈ। ਉਹਨੇ ਲੂੰਮੜੀ ਨੂੰ ਦੱਸਿਆ ਜਿਹੜੀ ਉੱਲੂ ਦੀ ਸਕੱਤਰ ਦੇ ਫ਼ਰਜ਼ ਅਦਾ ਕਰ ਰਹੀ ਸੀ।

''ਦੇਵਤਾ!...ਅੱਗੇ ਖ਼ਤਰਾ ਏ।' ਲੂੰਮੜੀ ਨੇ ਬੜੇ ਆਦਰ ਨਾਲ ਉੱਲੂ ਦੀ ਸੇਵਾ 'ਚ ਬੇਨਤੀ ਕੀਤੀ।

''ਚੰਗਾ।' ਉੱਲੂ ਨੇ ਹੈਰਾਨੀ ਨਾਲ ਕਿਹਾ। ''ਕੀ ਤੁਸੀਂ ਕਿਸੇ ਖ਼ਤਰੇ ਤੋਂ ਭੈਅਭੀਤ ਨਹੀਂ ਹੁੰਦੇ?'' ਲੂੰਮੜੀ ਨੇ ਬੇਨਤੀ ਕੀਤੀ।

''ਖ਼ਤਰਾ! ਖ਼ਤਰਾ! ਕਿਹੜਾ ਖ਼ਤਰਾ?'' ਉੱਲੂ ਨੇ ਪੁੱਛਿਆ।

ਟਰੱਕ ਬਹੁਤ ਨੇੜੇ ਆ ਪੁੱਜਿਆ ਸੀ ਪਰ ਉੱਲੂ ਬੇਖ਼ਬਰ ਉਸੇ ਪ੍ਰਕਾਰ ਸ਼ਾਨ ਨਾਲ ਜਾ ਰਿਹਾ ਸੀ। ਮਹਾਨ ਨੇਤਾ ਦੇ ਚੇਲੇ ਵੀ ਕਦਮ ਨਾਲ ਕਦਮ ਪੁੱਟਦੇ ਚੱਲ ਰਹੇ ਸਨ।ਅਜੀਬ ਸਮਾਂ ਸੀ। ''ਵਾਹ...ਵਾਹ! ਸਾਡਾ ਨੇਤਾ ਬੁੱਧੀਮਾਨ ਤੇ ਚਲਾਕ ਹੀ ਨਹੀਂ, ਬਹੁਤ ਬਹਾਦਰ ਵੀ ਏ।'' ਲੂੰਮੜੀ ਨੇ ਜ਼ੋਰ ਨਾਲ ਪੁਕਾਰਿਆ ਤੇ ਬਾਕੀ ਜਾਨਵਰ ਇਕਸੁਰ ਹੋ ਕੇ ਪੁਕਾਰ ਉੱਠੇ, ''ਸਾਡਾ ਨੇਤਾ ਬੁੱਧੀਮਾਨ ਤੇ ਚਲਾਕ...।''
ਅਚਾਨਕ ਟਰੱਕ ਆਪਣੀ ਪੂਰੀ ਰਫ਼ਤਾਰ ਨਾਲ ਉਨ੍ਹਾਂ ਨੂੰ ਮਿੱਧ ਕੇ ਲੰਘ ਗਿਆ। ਮਹਾਨ, ਬੁੱਧੀਮਾਨ ਤੇ ਚਲਾਕ ਨੇਤਾ ਦੇ ਨਾਲ ਉਹਦੇ ਮੂਰਖ ਚੇਲਿਆਂ ਦੀਆਂ ਲਾਸ਼ਾਂ ਦੂਰ- ਦੂਰ ਤੱਕ ਖ਼ਿਲਰੀਆਂ ਪਈਆਂ ਸਨ।

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਸਾਲਾਨਾਂ ਜਪ ਪ੍ਰਯੋਗ ਅਤੇ ਅੱਸੂ ਦਾ ਮੇਲਾ

**ਨਾਮ ਸਿਮਰਨ – ਕਥਾ ਕੀਰਤਨ – ਸੇਵਾ– ਹੱਲੇ ਦੇ ਦੀਵਾਨ – ਕਵੀ ਦਰਬਾਰ – ਬੱਚਿਆਂ ਦੇ ਦੀਵਾਨ – ਰਾਜਨੀਤਿਕ ਤੇ ਸਮਾਜਿਕ ਸ਼ਖ਼ਸੀਅਤਾਂ ਦੀ ਆਮਦ – ਮਾਣ–ਸਨਮਾਨ – ਆਨੰਦ ਕਾਰਜ – ਪੁਸਤਕਾਂ ਰਿਲੀਜ਼– ਦੇਸ਼–ਵਿਦੇਸ਼ਾਂ ਤੋਂ ਆਈਆਂ ਸੰਗਤਾਂ ਦੀ ਵੱਡੀ ਹਾਜ਼ਰੀ – ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ – ਸ੍ਰੀ ਸਤਿਗੁਰੂ ਜੀ ਦਾ ਸਦ ਉਪਦੇਸ਼ – ਸਭ ਸੰਗਤਾਂ ਨੂੰ ਖ਼ੁਸ਼ੀਆਂ।**

ਅੰਮ੍ਰਿਤ ਵੇਲੇ ਨਾਮ ਜਪਣ ਦਾ ਬਹੁਤ ਵੱਡਾ ਮਹਾਤਮ ਹੈ। ਤਕਰੀਬਨ ਸੂਰਜ ਚੜ੍ਹਨ ਤੋਂ ਚਾਰ ਘੰਟੇ ਪਹਿਲਾਂ ਅੰਮ੍ਰਿਤ ਵੇਲਾ ਆਰੰਭ ਹੋ ਜਾਂਦਾ ਹੈ। ਆਧਿਆਤਮ ਦੇ ਪਾਂਧੀਆਂ ਲਈ ਇਹ ਵੇਲਾ ਬਹੁਤ ਉੱਚਿਤ ਹੁੰਦਾ ਹੈ।ਪੰਛੀਆਂ ਦਾ ਚਹਿਕਣਾ ਇਸ ਵੇਲੇ ਸੁੰਦਰ ਲੱਗਦਾ ਹੈ। ਇਸ ਸਮੇਂ ਨੂੰ ਸਿਮਰਨ ਪ੍ਰੇਮੀ ਸੰਭਾਲਦੇ ਹਨ।ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਤੇ ਕਿਰਪਾ ਕੀਤੀ ਸਭ ਤੋਂ ਪਹਿਲਾਂ ਨੀਲੋਂ ਨਹਿਰ ਦੇ ਕੰਢੇ ਤੇ ਕਾਨਿਆਂ ਦੀ ਕੁਟੀਆ ਵਿੱਚ ਬੈਠ ਕੇ ਜਪ ਪ੍ਰਯੋਗ ਕੀਤਾ। ਮਾਤਾ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਆਪ ਨੇ ਤਾਂ ਪਹਿਲੋਂ ਹੀ ਬਹੁਤ ਤਪ ਕੀਤਾ ਹੋਇਆ ਹੈ ਪਰ, ਸਤਿਗੁਰੂ ਜੀ ਨੇ ਬਚਨ ਕੀਤਾ "ਮੈਂ ਬਹਿਆ ਨਹੀਂ ਖਾਣਾ ਤਾਜ਼ਾ ਕਰਕੇ ਖਾਣਾ ਹੈ।" ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 40 ਦਿਨ ਘੋਰ ਤਪ ਕਰਕੇ ਇਸ ਮਹਾਨ ਜਪ ਪ੍ਰਯੋਗ ਦੀ ਸ਼ੁਰੂਆਤ ਕੀਤੀ। ਪਹਿਲਾਂ ਇਹ ਜਪੁ ਪ੍ਰਯੋਗ ਭਾਦੋਂ ਦੇ ਮਹੀਨੇ ਹੁੰਦਾ ਸੀ ਪਰ ਗਰਮੀ ਕਰਕੇ ਹੌਲੀ-ਹੌਲੀ ਇਸ ਨੂੰ ਅੱਸੂ ਦੇ ਮਹੀਨੇ ਵਿਚ ਕਰਨਾ ਸ਼ੁਰੂ ਕਰ ਦਿੱਤਾ।ਅੱਸੂ ਦਾ ਸਾਰਾ ਮਹੀਨਾਂ ਨਾਮਧਾਰੀ ਸੰਗਤ ਜਪ ਪ੍ਰਯੋਗ ਕਰਦੀ ਹੈ। ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ 118 ਵਾਂ ਨਾਮ ਸਿਮਰਨ ਜਪੁ ਪ੍ਰਯੋਗ ਦੇ ਭੋਗ ਦੀ ਅਰਦਾਸ ਤੋਂ ਬਾਅਦ ਮੇਲਾ 13,14,15,16 ਤੇ 17 ਅਕਤੂਬਰ 2022 ਨੂੰ ਮਨਾਇਆ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪ੍ਰਯੋਗ ਨੂੰ ਜਾਰੀ ਰੱਖਿਆ।ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨਾਮ ਸਿਮਰਨ ਵਿੱਚ ਲੀਨ ਹੁੰਦੀਆਂ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਲਾਨਾ ਜਪ ਪ੍ਰਯੋਗ ਆਰੰਭ ਕਰ ਦਿੱਤਾ ਜਿਹੜੇ ਅੱਜ ਤੱਕ ਨਿਰੰਤਰ ਲਗਾਤਾਰ ਚੱਲ ਰਿਹਾ ਹੈ। ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਸ ਲੜੀ ਨੂੰ ਨਿਰੰਤਰ ਜਾਰੀ ਰੱਖਿਆ ਹੈ। ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਲੱਖਾਂ ਘੰਟੇ ਨਿਤਨੇਮ ਹੋ ਰਿਹਾ ਹੈ, ਸੰਗਤਾਂ ਨਾਮ ਦਾ ਜਾਪ ਕਰ ਰਹੀਆਂ ਹਨ।

ਜਪ ਪ੍ਰਯੋਗ ਦੀ ਆਰੰਭਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1907 ਵਿੱਚ ਕੀਤੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 53 ਅਤੇ ਸ੍ਰੀ ਸਾਹਿਬ ਜਗਜੀਤ ਸਿੰਘ ਜੀ ਨੇ 55 ਜਪ ਪ੍ਰਯੋਗ ਕੀਤੇ। ਵਰਤਮਾਨ ਸ੍ਰੀ ਸਤਿਗੁਰੁ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਇਹ 10 ਵਾਂ ਜਪੁ ਪ੍ਰਯੋਗ ਸੰਪੰਨ ਹੋਇਆ ਹੈ।

**ਸੰਗਤਾਂ ਵਿਚ ਉਤਸ਼ਾਹ** ਇਹ ਸਤਿਗੁਰੂ ਜੀ ਦੀ ਕਿਰਪਾ ਹੈ ਕਿ ਰਾਤ 12:30 ਵਜੇ ਹੀ ਸਾਧ ਸੰਗਤ ਪੰਡਾਲ ਵਿੱਚ ਆਪਣੇ ਆਸਣਾਂ ਤੇ ਸੁਸ਼ੋਭਿਤ ਹੋ ਜਾਂਦੀ ਹੈ।ਪ੍ਰਯੋਗ ਵਿੱਚ ਨਾਮ ਅਭਿਆਸੀ ਵੱਧ ਤੋਂ ਵੱਧ ਸਮਾਂ ਨਾਮ ਸਿਮਰਨ ਤੇ ਸੇਵਾ ਵਿੱਚ ਬਤੀਤ ਕਰਦੇ ਹਨ।ਸਾਰਾ ਮਹੀਨਾਂ ਬੱਚੇ ਬਿਰਧ ਤੇ ਨੌਜਵਾਨ ਸਭ ਵਹੀਰਾਂ ਘੱਤ ਕੇ ਸਮੇਂ ਸਿਰ ਅਰਦਾਸ ਵਿੱਚ ਸ਼ਾਮਲ ਹੁੰਦੇ ਰਹੇ।

ਦੇਸ਼ਾਂ-ਵਿਦੇਸ਼ਾਂ ਵਿਚ ਬੈਠੇ ਪ੍ਰਯੋਗੀ ਜੋ ਸ੍ਰੀ ਭੈਣੀ ਸਾਹਿਬ ਨਹੀਂ ਆ ਸਕੇ ਉਹ ਆਪਣੇ ਨੇੜੇ ਧਰਮਸ਼ਾਲਾ ਜਾਂ ਘਰਾਂ ਵਿੱਚ ਇਕੱਠੇ ਹੋ ਕੇ ਨਾਮ ਸਿਮਰਨ ਕਰਦੇ ਰਹੇ। ਦੇਸ਼ ਵਿਦੇਸ਼ ਵਿੱਚ ਜਪ ਪ੍ਰਯੋਗ ਕਰਨ ਵਾਲਿਆਂ ਦੀ ਗਿਣਤੀ ਤਕਰੀਬਨ ਪੰਦਰਾਂ ਹਜ਼ਾਰ ਸੀ।

**13 ਅਕਤੂਬਰ 2022** ਨੂੰ ਠੀਕ 4.05 ਮਿੰਟ ਤੇ ਪ੍ਰਯੋਗ ਦੀ ਸਮਾਪਤੀ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ ਤੇ ਨਾਲ ਹੀ ਅਗਲੇ ਸਾਲਨਾ ਪ੍ਰਯੋਗ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪ੍ਰਯੋਗ ਦੀ ਅਰਦਾਸ ਬਾਗ ਵਾਲੀ ਕੋਠੀ 'ਚ 3:30 ਵਜੇ ਕੀਤੀ।

**ਮੇਲੇ ਦਾ ਪਹਿਲਾ ਦਿਨ–** ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ ਤੇ ਸਾਥੀਆਂ ਨੇ ਆਰੰਭ ਕੀਤਾ। ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਅੱਜ ਦਾ ਪ੍ਰੋਗਰਾਮ ਬਾਹਰ ਬਣੇ ਪੰਡਾਲ ਵਿਚ ਹੀ ਕੀਤਾ ਗਿਆ। ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ।

**ਨਾਮ ਸਿਮਰਨ ਤੇ ਕੀਰਤਨ–** ਦੁਪਹਿਰ ਵੇਲੇ ਨਿਤਨੇਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਸਰਵਣ ਕੀਤਾ ਗਿਆ। ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਕੀਰਤਨ ਗਾਇਨ ਕੀਤਾ।

**ਰਾਤ ਦੇ ਦੀਵਾਨ–** ਰਾਤ ਨੂੰ ਦੀਵਾਨ 7 ਵੱਜੇ ਆਰੰਭ ਹੋਇਆ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਦੀਵਾਨ ਲਗਾਇਆ। ਉਪਰੰਤ **ਕਾਕਾ ਜਸਵੰਤ ਸਿੰਘ** ਸ੍ਰੀ ਭੈਣੀ ਸਾਹਿਬ ਅਤੇ **ਜਥੇ. ਸੁਰਿੰਦਰ ਸਿੰਘ** ਸ੍ਰੀ ਭੈਣੀ ਸਾਹਿਬ ਨੇ ਆਪਣੇ ਸਾਥੀਆਂ ਨਾਲ ਦੀਵਾਨ ਸਜਾਇਆ

**14–10–22 ਮੇਲੇ ਦਾ ਦੂਸਰਾ ਦਿਨ**– ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਤਨਾਮ ਸਿੰਘ, ਇਕਬਾਲ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਈਸ਼ਰ ਸਿੰਘ, ਹਰਨਾਮ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਗਾਇਨ ਕੀਤਾ।

ਅੱਜ ਮੇਲੇ ਦਾ ਦੂਸਰਾ ਦਿਨ ਸੀ ਜਪ ਪ੍ਰਯੋਗ ਦੀ ਅਰਦਾਸ ਠੀਕ 3:30 ਤੇ ਹੋਈ ਤੇ ਸਤਿਗੁਰੂ ਜੀ ਨੇ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਹੌਲੀ ਹੌਲੀ ਪੰਡਾਲ ਸੰਗਤਾਂ ਦੇ ਨਾਲ ਭਰਪੂਰ ਹੋ ਗਿਆ। ਅਰਦਾਸ ਨਾਲ ਵਾਰ ਦੀ ਸਮਾਪਤੀ ਹੋਈ ਤੇ ਸੂਬਾ ਜੀ ਨੇ ਦਿਨ ਦੇ ਦਿਵਾਨਾ ਬਾਰੇ ਜਾਣਕਾਰੀ ਦਿੱਤੀ।

ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਨੇ ਬੋਲਦਿਆਂ ਆਖਿਆ "ਇਹ ਮੇਲੇ, ਸਾਧ ਸੰਗਤ, ਨਾਮ ਸਿਮਰਨ ਕਰਨ ਦਾ ਸਾਡਾ ਮਨੋਰਥ ਸਤਿਗੁਰੂ ਜੀ ਦੇ ਚਰਨਾਂ ਨਾਲ ਮਨ ਜੋੜਨ ਦਾ ਹੈ। ਸਾਡਾ ਮੇਲੇ ਤੇ ਆਇਆ ਤਾਂ ਹੀ ਸਫ਼ਲਾ ਹੈ ਜੇ ਅਸੀ ਕੋਈ ਸ਼ੁਭ ਗੁਣ ਧਾਰਣ ਕਰੀਏ।

**ਦਿਨ ਦੇ ਦੀਵਾਨ–** ਦਿਨ ਦੇ ਦੀਵਾਨਾਂ ਵਿਚ ਸਭ ਤੋਂ ਪਹਿਲਾਂ ਜਥੇਦਾਰ **ਜਸਵੰਤ ਸਿੰਘ ਸੰਤ ਨਗਰ, ਬਲਦੇਵ ਸਿੰਘ ਲੁਧਿਆਣਾ, ਜਥੇਦਾਰ ਬਲਬੀਰ ਸਿੰਘ** ਸ੍ਰੀ ਭੈਣੀ ਸਾਹਿਬ ਤੇ **ਜਥੇਦਾਰ ਸੁਰਜੀਤ ਸਿੰਘ** ਮੁਸਤਫਾਪੁਰ ਵਾਲਿਆਂ ਨੇ ਹੱਲੇ ਦੇ ਦੀਵਾਨ ਸਜਾਏ। ਜਥੇਦਾਰਾਂ ਨੇ ਵੱਖ-ਵੱਖ ਵਿਸ਼ਿਆਂ ਨੂੰ ਅਧਾਰ ਬਣਾ ਹਰ ਜੱਸ ਕੀਤਾ। **ਜਥੇ. ਨਿਸ਼ਾਨ ਸਿੰਘ** ਦਿੱਲੀ ਵਾਲਿਆਂ ਨੇ ਸੇਵਾ ਤੇ ਸਿਮਰਨ ਦੀ ਗੱਲ ਕੀਤੀ। ਸ਼ਹੀਦਾਂ ਦੀ ਕੁਰਬਾਨੀ ਦੇ ਪ੍ਰਸੰਗ ਨੂੰ ਸੁਣਾਇਆ।

**ਨਿਤਨੇਮ ਤੇ ਕੀਰਤਨ** ਦੁਪਹਿਰ ਦੇ ਨਿੱਤਨੇਮ ਦੀ ਅਰਦਾਸ 1:45 ਮਿੰਟ ਤੇ ਕੀਤੀ ਗਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਉਪਰੰਤ ਰਾਗੀ ਹਰਬੰਸ ਸਿੰਘ ਤੇ ਸਾਥੀ ਰਾਗੀ ਜਥੇ ਵੱਲੋਂ ਕੀਰਤਨ ਗਾਇਨ ਕੀਤਾ ਗਿਆ।

**ਰਾਤ ਦੇ ਦੀਵਾਨ** ਸਭ ਤੋਂ ਪਹਿਲਾਂ ਕਿਰਪਾ ਸਿੰਘ ਨੇ ਕਥਾ ਰਾਂਹੀ ਸਾਧ ਸੰਗਤ ਨੂੰ ਨਿਹਾਲ ਕੀਤਾ। ਕਵੀ ਗੁਰਸੇਵਕ ਸਿੰਘ ਢਿੱਲੋਂ, ਗੁਰਮੀਤ ਸਿੰਘ ਗੋਲਡੀ ਤੇ ਮੱਲ ਸਿੰਘ ਕਵੀ ਨੇ ਛੰਦਾਬੰਦੀ ਵਿੱਚ ਸੂਬਾ ਕਾਹਨ ਸਿੰਘ ਜੀ ਦਾ ਪ੍ਰਸੰਗ ਸੁਣਾਇਆ। ਕਵੀਸ਼ਰ ਜੋਗਾ ਸਿੰਘ ਭੰਗੂਰ ਤੇ ਸਾਥੀ ਸਿੰਘਾਂ ਨੇ ਕਵੀਸ਼ਰੀ ਨਾਲ ਰੰਗ ਬੰਨ੍ਹਿਆ।

**15–10–2022**– ਠੀਕ 3:30 ਤੇ ਜਪ ਪ੍ਰਯੋਗ ਦੀ ਅਰਦਾਸ ਸੂਬਾ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਕੇ ਆਪਣਾ ਜਨਮ ਸਫ਼ਲਾ ਕੀਤਾ। ਸਾਰੀ ਸੰਗਤ ਗੁਰਬਾਣੀ ਦੇ ਇਲਾਹੀ ਕੀਰਤਨ ਦਾ ਆਨੰਦ ਮਾਣ ਰਹੀ ਸੀ। ਅੰਮ੍ਰਿਤ ਵੇਲੇ ਦਾ ਸੁਹਾਵਣਾ ਦ੍ਰਿਸ਼ ਸੀ। ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਸਤਨਾਮ ਸਿੰਘ, ਈਸ਼ਰ ਸਿੰਘ, ਸਰਮੁਖ ਸਿੰਘ, ਗੁਰਚਰਨ ਸਿੰਘ ਨੇ ਤੰਤੀ ਸਾਜ਼ਾਂ ਦੇ ਨਾਲ ਕੀਤਾ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ ਵਾਰ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ ਤੇ ਦਿਨ ਦੇ ਦੀਵਾਨਾਂ ਬਾਰੇ ਜਾਣਕਾਰੀ ਦਿੱਤੀ ਗਈ।

**ਸੂਬਾ ਬਲਵਿੰਦਰ ਸਿੰਘ ਜੀ** ਨੇ ਵਾਰ ਦੇ ਭੋਗ ਤੋਂ ਬਾਅਦ ਬੋਲਦਿਆਂ ਕਿਹਾ ਕਿ ਸਤਿਕਾਰ ਯੋਗ ਸਾਧ ਸੰਗਤ ਜੀ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਮੈਂ ਜਿਸ ਉੱਚ ਕਿਰਦਾਰ ਵਾਲੀ ਸ਼ਖ਼ਸ਼ੀਅਤ ਪੂਜਨੀਕ ਮਾਤਾ ਚੰਦ ਕੌਰ ਜੀ ਬਾਰੇ ਗੱਲ ਕਰਨ ਲੱਗਾ ਹਾਂ ਸਭ ਤੋਂ ਪਹਿਲਾਂ ਮੇਰੀਆਂ ਇਹ ਸਤਰਾਂ ਉਨ੍ਹਾਂ ਦੇ ਚਰਨਾਂ ਵਿੱਚ ਭੇਟ ਹਨ–

ਸੇਵਾ ਸਿਮਰਨ ਤਿਆਗ ਦੀ ਮੂਰਤੀ ਦੇ
ਪਹਿਲਾਂ ਚਰਨਾਂ ਤੇ ਸਿਰ ਝੁਕਾਵਾਂਗਾ ਮੈਂ
ਉਸਦੇ ਸਾਦਗੀ ਭਰੇ ਲਿਬਾਸ ਵਿੱਚੋਂ

ਕਿਣਕਾ ਹਿਰਦੇ ਵਿਚ ਵਸਾਵਾਂਗਾ ਮੈਂ
ਨੂਰ ਵੰਡਦਾ ਮੁਖੜਾ ਨੂਰ ਭਰਿਆ
ਉਸਦੇ ਨੂਰ ਤੋਂ ਸਦਕੜੇ ਜਾਵਾਂਗਾ ਮੈਂ
ਆਪਾ ਵਾਰ ਕੇ ਪਾ ਲਿਆ ਉਹ ਰੁਤਬਾ
ਉਸ ਰੁਤਬੇ ਦਾ ਸਦਾ ਹੀ ਮਾਣ ਰਹਿਣਾ
ਮਿਟ ਜਾਣਗੇ ਉਨ੍ਹਾਂ ਨੂੰ ਮਿਟਾਉਣ ਵਾਲੇ
ਸਦਾ ਚਮਕਦਾ ਉਨ੍ਹਾਂ ਦਾ ਨਾਮ ਰਹਿਣਾ॥

ਪੰਜਾਬ ਦੇ ਮਾਲਵੇ ਖਿੱਤੇ ਦਾ ਪਿੰਡ ਬੁਰਜ ਥਰੋੜ ਜਿੱਥੋਂ ਦੇ ਸਾਧਾਰਨ ਪਰਿਵਾਰ ਦੇ ਸਰਦਾਰ ਮੰਨਾ ਸਿੰਘ ਦੇ ਗ੍ਰਹਿ ਵਿਖੇ ਇਕ ਬੱਚੀ ਦਾ ਜਨਮ ਹੁੰਦਾ ਹੈ। ਜਿਸ ਦਾ ਨਾਮ ਰੱਖਿਆ ਗਿਆ ਸਮਾਂ ਕੌਰ, ਸ. ਮੰਨਾ ਸਿੰਘ ਦਾ ਨਾਮਧਾਰੀ ਟਕਸਾਲੀ ਪਰਿਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਗੁਰਸਿੱਖੀ ਨਾਲ ਜੁੜਿਆ ਹੋਇਆ ਹੈ ਪਰ ਸੰਜੋਗ ਵੱਸ ਇਸ ਬੱਚੀ ਦਾ ਰਿਸ਼ਤਾ ਨਾਤਾ ਮਾਲਵੇ ਦੇ ਹੀ ਪਿੰਡ ਬਾਜੇਖਾਨੇ ਦੇ ਸ. ਸਰਵਣ ਸਿੰਘ ਨਾਲ ਜੁੜਿਆ ਸਰਦਾਰ ਸਰਵਣ ਸਿੰਘ ਦਾ ਪਰਿਵਾਰ ਕੋਈ ਨਾਮਧਾਰੀ ਪਰਿਵਾਰ ਨਹੀਂ ਸੀ। ਸਗੋਂ ਖੁੱਲ੍ਹੇ ਸਮਾਜ ਵਿੱਚੋਂ ਸੀ ਉਸ ਸਮੇਂ ਨਾਮਧਾਰੀ ਪਰਿਵਾਰ ਦੀ ਲੜਕੀ ਦਾ ਰਿਸ਼ਤਾ ਖੁਲਿਆਂ ਵੱਲ ਕਰਨ ਦੀ ਬਿਲਕੁਲ ਮਨਾਹੀ ਸੀ। ਜਦੋਂ ਇਹ ਗੱਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਬਾਰ ਤੱਕ ਪਹੁੰਚੀ ਤਾਂ ਬੁਰਜ ਥਰੋੜ ਦੇ ਪਰਿਵਾਰ ਨੂੰ ਸਮੇਤ ਮੰਨਾ ਸਿੰਘ ਸ੍ਰੀ ਭੈਣੀ ਸਾਹਿਬ ਸ੍ਰੀ ਸਾਹਿਬ ਪ੍ਰਤਾਪ ਸਿੰਘ ਜੀ ਦੇ ਹਾਜ਼ਰ ਹੋਣਾ ਪਿਆ। ਸਾਰੀ ਪੁੱਛ-ਪੜਤਾਲ ਕਰਨ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਿ ਠੀਕ ਹੈ ਅੱਜ ਸਰਬਣ ਸਿੰਘ ਕੂਕਿਆਂ ਦੀ ਧੀ ਲੈ ਕੇ ਸਨਮੁੱਖ ਰਹੇਗਾ ਪਰ ਸਮਾਂ ਆਉਣ ਤੇ ਵੇਖਾਂਗੇ ਕਿ ਇਹ ਕੂਕਿਆਂ ਨੂੰ ਧੀ ਦੇਵੇਗਾ ਵੀ ਉਸ ਅਟੱਲ ਪ੍ਰਤਾਪੀ ਸਤਿਗੁਰੂ ਜੀ ਦਾ ਬਚਨ ਸੀ ਉਸ ਨੇ ਪੂਰਾ ਹੋਣਾ ਹੀ ਸੀ। ਸਮਾਂ ਪੈਣ ਤੇ ਉਸ ਸਮਾਂ ਕੌਰ ਦੇ ਘਰ ਇਕ ਬੱਚੀ ਦਾ ਜਨਮ ਹੋਇਆ। ਮਰਿਆਦਾ ਅਨੁਸਾਰ ਜਦੋਂ ਉਸ ਬੱਚੀ ਨੂੰ ਅਤੇ ਬੱਚੀ ਦੀ ਮਾਤਾ ਨੂੰ ਅੰਮ੍ਰਿਤ ਛਕਾਇਆ ਗਿਆ ਤਾਂ ਉਸ ਬੱਚੀ ਦਾ ਨਾਮ ਕਰਤਾਰ ਕੌਰ ਰੱਖਿਆ ਗਿਆ। ਇਸ ਬੱਚੀ ਕਰਤਾਰ ਕੌਰ ਦਾ ਜਨਮ ਨਾਨਕੇ ਪਿੰਡ ਬੁਰਜ ਥਰੋੜ ਵਿਖੇ 1932 ਨੂੰ ਹੁੰਦਾ ਹੈ। ਜਨਮ ਤੋਂ ਬਾਅਦ ਇਸ ਬੱਚੀ ਕਰਤਾਰ ਕੌਰ ਦਾ ਪਾਲਣ ਪੋਸ਼ਣ ਨਾਨਕੇ ਪਰਿਵਾਰ ਵਿਚ ਹੋਣ ਕਾਰਨ ਗੁਰਸਿੱਖੀ ਦੀ ਗੁੜ੍ਹਤੀ ਵੀ ਇੱਥੋਂ ਹੀ ਪ੍ਰਾਪਤ ਹੋਈ। ਸਮਾਂ ਬਤੀਤ ਹੋਣ ਤੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਹ ਬਚਨ ਪੂਰਾ ਹੋਣ ਲਗਾ ਕੇ ਸ. ਸਰਵਣ ਸਿੰਘ ਸਮਾਂ ਆਉਣ ਤੇ ਨਾਮਧਾਰੀਆਂ ਨੂੰ ਆਪਣੀ ਲੜਕੀ ਦੇਵੇਗਾ ਵੀ। ਇਹ ਬੱਚੀ ਕਰਤਾਰ ਕੌਰ 1845 ਈ. ਦੇ ਜਪ ਪ੍ਰਯੋਗ ਸਮੇਂ ਆਪਣੇ ਮਾਮੇ ਸੂਬਾ ਇੰਦਰ ਸਿੰਘ ਰੋਡਿਆਂ ਵਾਲਿਆਂ ਨਾਲ ਸ੍ਰੀ ਭੈਣੀ ਸਾਹਿਬ ਆਏ ਤਾਂ ਸੂਬਾ ਇੰਦਰ ਸਿੰਘ ਰੋਡਿਆਂ ਵਾਲੇ ਨੇ ਬੱਚੀ ਕਰਤਾਰ ਕੌਰ ਦੇ ਰਿਸ਼ਤੇ ਦੀ ਗੱਲ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਭਾਵ ਬਾਬਾ ਜਗਜੀਤ ਸਿੰਘ ਨਾਲ ਚੱਲੀ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਰਿਸ਼ਤੇ ਨੂੰ ਪ੍ਰਵਾਨਗੀ ਦਿੱਤੀ। ਇਸ ਤਰ੍ਹਾਂ ਇਸ ਬੱਚੀ ਕਰਤਾਰ ਕੌਰ ਦਾ ਨਾਤਾ ਬਾਬਾ ਜਗਜੀਤ ਸਿੰਘ ਜੀ ਨਾਲ ਤਹਿ ਹੋਇਆ। ਸੂਬਾ ਇੰਦਰ ਸਿੰਘ ਜੀ ਦੇ ਅਰਜ਼ ਕਰਨ ਤੇ ਬਸੰਤ ਪੰਚਮੀ ਦਾ ਮੇਲਾ ਪਿੰਡ ਰੋਡੇ ਵਿਖੇ ਹੋਇਆ ਅਤੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੇ ਭੋਗ ਉਪਰੰਤ 1945 ਈ. ਮਰਿਆਦਾ ਅਨੁਸਾਰ ਹਵਨ ਕਰ ਕਰਤਾਰ ਕੌਰ ਅਤੇ ਬੇਅੰਤ ਜੀ ਦੇ ਆਨੰਦ ਦੀ ਤਿਆਰੀ ਕੀਤੀ ਗਈ। ਜੋੜੀ ਨੂੰ ਅੰਮ੍ਰਿਤ ਸੰਤ ਪ੍ਰੀਤਮ ਸਿੰਘ ਨੇ ਛਕਾਇਆ ਅਤੇ ਭਜਨ ਸੰਤ ਰਲਾ ਸਿੰਘ ਜੀ ਨੇ ਦੱਸਿਆ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਲਾਵਾਂ ਉਪਰੰਤ ਪਾਠਾਂ ਦੇ ਭੋਗ ਪਾਏ ਗਏ। ਇਸ ਤਰ੍ਹਾਂ ਆਨੰਦ ਕਾਰਜ ਮਰਿਆਦਾ ਅਨੁਸਾਰ ਸੰਪੰਨ ਹੋਇਆ। ਜਦ ਇਹ ਸੁਭਾਗੀ ਜੋੜੀ ਸ੍ਰੀ ਭੈਣੀ ਸਾਹਿਬ ਪਹੁੰਚੀ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਬੱਚੀ ਕਰਤਾਰ ਕੌਰ ਭਾਵ ਆਪਣੀ ਨੂੰਹ ਦਾ ਨਾਮ ਕਰਤਾਰ ਕੌਰ ਤੋਂ ਬਦਲ ਕੇ ਚੰਦ ਕੌਰ ਰੱਖਿਆ। ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਦੀ ਪਤਨੀ ਦਾ ਨਾਮ ਕਰਤਾਰ ਕੌਰ ਸੀ। ਇਸ ਤਰ੍ਹਾਂ ਇਹ ਬੱਚੀ ਕਰਤਾਰ ਕੌਰ ਸਮਾਂ ਆਉਣ ਤੇ 1959 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਤੇ ਸੁਭਾਇਮਾਨ ਹੋਣ ਉਪਰੰਤ ਜਗਤ ਮਾਤਾ ਚੰਦ ਕੌਰ ਜੀ ਦੇ ਨਾਮ ਨਾਲ ਸਤਿਕਾਰੇ ਗਏ। ਮਾਤਾ ਚੰਦ ਕੌਰ ਜੀ ਨੇ ਆਪਣੇ ਮਨ ਨੂੰ ਕਦੀ ਵੀ ਗੁਰੂ ਮਹਿਲ ਹੋਣ ਕਰਕੇ ਆਪਣੇ ਉੱਚੇ ਅਹੁਦੇ ਦਾ ਕਿਸੇ ਨੂੰ ਅਹਿਸਾਸ ਨਹੀਂ ਹੋਣ ਦਿੱਤਾ। ਸਗੋਂ ਨਿਮਰਤਾ ਸਹਿਣਸ਼ੀਲਤਾ ਤੇ ਆਪਣੇ ਮਿਲਾਪੜੇ ਸੁਭਾਅ ਕਾਰਨ ਸਭਨਾਂ ਤੋਂ ਸਤਿਕਾਰ ਹੀ ਪ੍ਰਾਪਤ ਕੀਤਾ। ਸੇਵਾ ਨੂੰ ਸਮਰਪਿਤ ਹੋ ਕੇ ਸੇਵਾ ਕਰਦੇ ਕਰਦੇ ਮਾਤਾ ਚੰਦ ਕੌਰ ਜੀ ਸੇਵਾ ਦਾ ਰੂਪ ਹੀ ਹੋ ਗਏ ਸਨ। ਮਾਤਾ ਚੰਦ ਕੌਰ ਜੀ ਦੀ ਸੇਵਾ ਦਾ ਇੱਕ ਵੱਖਰਾ ਅਤੇ ਵਿਸ਼ਾਲ ਵਿਸ਼ਾ ਹੈ ਸਮੇਂ ਦੀ ਘਾਟ ਕਾਰਨ ਮੈਂ ਏਥੇ

ਵਿਸਥਾਰ ਨਾਲ ਜ਼ਿਕਰ ਨਹੀਂ ਕਰ ਸਕਦਾ।

13 ਦਸੰਬਰ 2012 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬ੍ਰਹਮਲੀਨ ਹੋਏ ਤਾਂ ਉਸ ਸਮੇਂ ਦੇ ਹਾਲਾਤ ਨੂੰ ਅਸੀਂ ਸਾਰਿਆਂ ਨੇ ਅੱਖੀਂ ਵੇਖਿਆ ਹੀ ਹੈ। ਪੂਜਨੀਕ ਮਾਤਾ ਚੰਦ ਕੌਰ ਜੀ ਨੇ ਉਨ੍ਹਾਂ ਹਲਾਤਾਂ ਵਿੱਚ ਨਾਮਧਾਰੀ ਪੰਥ ਦੀ ਜ਼ਿੰਮੇਵਾਰ ਸ਼ਖ਼ਸੀਅਤ ਹੋਣ ਦੇ ਨਾਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਸਿਰ ਮੱਥੇ ਮੰਨਦਿਆਂ ਹੋਇਆਂ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਨਾਮਧਾਰੀ ਪੰਥ ਦੀ ਵਾਗਡੋਰ ਸੌਂਪ ਦੇ ਹੋਏ ਗੁਰਗੱਦੀ ਤੇ ਸੁਭਾਇਮਾਨ ਹੋਣ ਤੱਕ ਦੇ ਸਫ਼ਰ ਨੂੰ ਜਿਸ ਤਰ੍ਹਾਂ ਮਾਤਾ ਚੰਦ ਕੌਰ ਜੀ ਨੇ ਨਿਭਾਇਆ ਹੈ, ਸਮੁੱਚਾ ਨਾਮਧਾਰੀ ਪੰਥ ਹਮੇਸ਼ਾਂ ਹਮੇਸ਼ਾਂ ਲਈ ਮਾਤਾ ਚੰਦ ਕੌਰ ਜੀ ਦਾ ਰਿਣੀ ਰਹੇਗਾ।

**ਦਿਨ ਦੇ ਦੀਵਾਨ** :- ਅੱਜ ਦਿਨ ਦੇ ਦੀਵਾਨ ਵਿੱਚ ਸਭ ਤੋਂ ਪਹਿਲਾਂ **ਸੂਬਾ ਬਲਵਿੰਦਰ ਸਿੰਘ ਚੱਕ ਯਕੂਬ** ਨੇ ਦੀਵਾਨ ਦੀ ਆਰੰਭਤਾ ਕੀਤੀ। **ਜਥੇਦਾਰ ਮਨਮੋਹਣ ਸਿੰਘ ਯਮੁਨਾਨਗਰ** ਵਾਲਿਆਂ ਨੇ ਸ਼ਹੀਦਾਂ ਦਾ ਪ੍ਰਸੰਗ ਸੁਣਾਇਆ। **ਜਥੇਦਾਰ ਵੀਰ ਸਿੰਘ** ਨੇ ਗੁਰਬਾਣੀ ਮਹੱਤਵ ਬਾਰੇ ਚਾਨਣਾ ਪਾਇਆ। **ਕਵੀਸ਼ਰ ਮੱਖਣ ਸਿੰਘ** ਨੇ ਕਵਿਤਾਂਵਾਂ ਰਾਹੀਂ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕੀਤਾ। ਜਥੇਦਾਰ ਜਸਵਿੰਦਰ ਸਿੰਘ ਭਿੰਡਰ ਨੇ ਆਪਣੇ ਹੱਲੇ ਦੇ ਦੀਵਾਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ ਸੁਣਾਇਆ। ਜਥੇਦਾਰ ਗੁਰਲਾਲ ਸਿੰਘ ਨੇ ਆਪਣੇ ਸਮੇਂ ਵਿਚ ਨਾਮ ਦੀ ਮਹਿਮਾਂ ਕਰਦਿਆਂ ਭਗਤ ਨਾਮਦੇਵ ਜੀ ਦਾ ਪ੍ਰਸੰਗ ਸੁਣਾਇਆ।

**ਨਿਤਨੇਮ ਤੇ ਕੀਰਤਨ:-** ਅੱਜ ਦੁਪਹਿਰ ਦਾ ਨਿਤਨੇਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਅੱਜ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ ਸਤਨਾਮ ਸਿੰਘ ਹਰਵਿੰਦਰ ਸਿੰਘ ਸ਼ਾਮ ਸਿੰਘ ਸਰਵਣ ਸਿੰਘ ਨੇ ਗਾਇਨ ਕੀਤਾ।

**ਰਾਤ ਦੇ ਦੀਵਾਨ** :- ਅੱਜ ਰਾਤ ਨੂੰ 6:30 ਤੇ ਦੀਵਾਨਾਂ ਦੀ ਆਰੰਭਤਾ ਹੋਈ। ਸਭ ਤੋਂ ਪਹਿਲਾਂ ਜਥੇ. ਆਸਾ ਸਿੰਘ ਲੁਧਿਆਣਾ ਨੇ ਦੀਵਾਨ ਸਜਾਇਆ। ਜਥੇ. ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਲਗਾਤਾਰ ਧਾਰਨਾ ਪੜ੍ਹ ਸਮਾਂ ਬੰਨ ਦਿੱਤਾ। ਕਵੀਸ਼ਰ ਦਿਲਬਾਗ ਸਿੰਘ ਤੇ ਕਵੀਸ਼ਰ ਗੁਰਸੇਵਕ ਸਿੰਘ ਵਲਟੋਹਾ ਨੇ ਕਵੀਸ਼ਰੀ ਰਾਹੀਂ ਬਾਬਾ ਆਦਮ ਦਾ ਪ੍ਰਸੰਗ ਸੁਣਾ ਸੰਗਤਾ ਨੂੰ ਨਿਹਾਲ ਕੀਤਾ।

**ਕਵੀ ਦਰਬਾਰ** ਅੱਜ ਰਾਤ ਸਾਢੇ ਅੱਠ ਵਜੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੰਚ ਸੰਚਾਲਨ ਗੁਰਭੇਜ ਸਿੰਘ ਗੁਰਾਇਆ ਨੇ ਕੀਤਾ। ਜਿਸ ਦੀ ਪ੍ਰਧਾਨਗੀ ਸੰਤ ਗੁਰਨਾਮ ਸਿੰਘ ਕੈਨੇਡਾ ਨੇ ਕੀਤੀ। ਇਨ੍ਹਾਂ ਦੇ ਨਾਲ ਸਹਿਯੋਗ ਦਿੱਤਾ ਸੂਬਾ ਬਲਵਿੰਦਰ ਸਿੰਘ, ਸੰਤ ਨਿਸ਼ਾਨ ਸਿੰਘ, ਸੂਬਾ ਰੇਸ਼ਮ ਸਿੰਘ ਕੈਨੇਡਾ। ਅੱਜ ਦੇ ਕਵੀ ਦਰਬਾਰ ਵਿੱਚ ਬਾਹਰੋਂ ਆਏ ਕਵੀਆਂ ਨੇ ਵੀ ਕਵਿਤਾ ਪੜ੍ਹੀਆਂ। ਕਵੀ ਦਰਬਾਰ ਵਿੱਚ ਆਏ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ ਸ਼ਹੀਦਾਂ ਦੇ 150 ਵਰ੍ਹੇ ਨੂੰ ਸਮਰਪਣ ਕੀਤੀਆਂ। ਸਟੇਜ ਸੰਚਾਲਨ ਨੇ ਵਾਰੋ ਵਾਰੀ ਕਵੀਆਂ ਨੂੰ ਪੇਸ਼ ਕੀਤਾ। ਨਰਿੰਦਰ ਕੌਰ ਮਠਾੜੂ, ਬੀਬਾ ਕੁਲਵੰਤ ਕੌਰ, ਸੇਵਾ ਸਿੰਘ, ਬਲਵੰਤ ਸਿੰਘ ਵਿਰਕ, ਛਿੰਦਰ ਕੌਰ, ਸੰਤ ਨਿਸ਼ਾਨ ਸਿੰਘ, ਸੂਬਾ ਬਲਵਿੰਦਰ ਸਿੰਘ, ਗੁਰਭਜਨ ਸਿੰਘ, ਜਸਵੀਰ ਸਿੰਘ, ਬਲਦੇਵ ਸਿੰਘ ਵੜੈਚ, ਬਿਸ਼ਨਦਾਸ ਬੇਅੰਤ ਸਿੰਘ ਸੋਖਲ, ਰਾਗੀ ਮਨਜੀਤ ਸਿੰਘ, ਲਖਵਿੰਦਰ ਸਿੰਘ ਬਾਜਵਾ, ਸੰਤ ਕੌਰ, ਹਰਭਜਨ ਸਿੰਘ ਰਾਜਾ, ਜਸਵੀਰ ਮੌਜੀ, ਜੋਗਿੰਦਰ ਸਿੰਘ ਕੰਗ, ਡਾ. ਸਰਬਜੀਤ ਕੌਰ ਸੰਧਾਵਾਲੀਆ, ਫੁੰਮਣ ਸਿੰਘ ਦਿੱਲੀ, ਜਰਨੈਲ ਸਿੰਘ, ਰਾਜਿੰਦਰ ਕੌਰ ਪਨੂੰ, ਰਜਿੰਦਰ ਬਾਂਸਲ, ਜਸਬੀਰ ਸਿੰਘ ਸਿੱਧੂ, ਛਿੰਦਰ ਕੌਰ ਸਿਰਸਾ, ਸਤਨਾਮ ਸਿੰਘ, ਕੋਮਲ ਕਮਲਜੀਤ ਸਿੰਘ ਨੀਲੋਂ, ਹਜ਼ਾਰਾ ਸਿੰਘ ਮੰਡ, ਸੁਖਚੈਨ ਸਿੰਘ, ਪੂਰਨ ਸਿੰਘ ਨਿਰਾਲਾ, ਡਾ. ਸਤਵੰਤ ਕੌਰ ਮਠਾੜੂ, ਅਮਰੀਕ ਸਿੰਘ ਨਿਮਾਣਾ, ਸੁਰਿੰਦਰ ਸਿੰਘ, ਕਰਨੈਲ ਸਿੰਘ ਅਸਪਾਲ, ਬਲਵੀਰ ਸਿੰਘ ਢਿੱਲੋਂ, ਮੁਖਤਿਆਰ ਸਿੰਘ ਆਦਿ।

**16-10-2022** ਅੱਜ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਗਾਇਨ ਕੀਤਾ ਜਾ ਰਿਹਾ ਹੈ। ਰਾਗੀ ਬਲਵੰਤ ਸਿੰਘ, ਸ਼ਾਮ ਸਿੰਘ, ਸਰਮੁਖ ਸਿੰਘ ਤੇ ਸਾਥੀ ਜਥੇ ਨੇ ਮਿਲ ਕੇ ਉੱਚੀਆਂ ਸੁਰਾਂ ਦੇ ਵਿਚ ਸ਼ਬਦ ਗਾਇਨ ਕਰ ਰਹੇ ਸੀ। ਸੰਗਤਾਂ ਵਾਰੋ-ਵਾਰੀ ਆ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਰਹੀਆਂ ਹਨ। ਅੱਜ ਮੇਲੇ ਦਾ ਆਖ਼ਰੀ ਦਿਨ ਹੈ ਕੱਲ ਅੰਮ੍ਰਿਤ ਵੇਲੇ ਭੋਗ ਪੈ ਜਾਣਾ ਹੈ ਤੇ ਆਨੰਦ ਕਾਰਜ ਵੀ ਹੋਣੇ ਹਨ। ਇਸ ਕਰਕੇ ਸੰਗਤਾਂ ਦੀ ਹਾਜ਼ਰੀ ਅਥਾਹ ਹੈ।ਪੰਡਾਲ 'ਚ ਤਿੱਲ ਰੱਖਣ ਨੂੰ ਵੀ ਜਗ੍ਹਾ ਨਹੀਂ ਹੈ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਆਰੰਭ ਕੀਤਾ। ਸੂਰਜ ਚੜ੍ਹਨ ਦਾ ਸਮਾਂ ਵੀ ਹੋ ਚੁੱਕਾ ਹੈ। ਸੂਰਜ ਦੇਵਤਾ ਅੰਗੜਾਈ ਲੈ ਕੇ ਹਾਜ਼ਰ ਹੋਣ ਵਾਲਾ ਹੈ।ਅੰਮ੍ਰਿਤ ਵੇਲੇ ਤੋਂ ਬਾਣੀ ਦਾ ਆਨੰਦ ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ

ਬੈਕੁੰਠ ਦਾ ਨਜ਼ਾਰਾ ਬਣਿਆ ਹੋਇਆ ਹੈ। ਅੱਜ ਸਵੇਰੇ ਆਸਾ ਦੀ ਵਾਰ ਵਿੱਚ ਪੰਜਾਬ ਸਪੀਕਰ ਵਿਧਾਨ ਸਭਾ ਦੇ ਸ. ਕੁਲਤਾਰ ਸਿੰਘ ਸੰਧਵਾਂ ਜੀ ਆਏ। ਇਨ੍ਹਾਂ ਦਾ ਪ੍ਰੋਗਰਾਮ ਦੁਪਹਿਰ ਆਉਣ ਦਾ ਸੀ ਪਰ ਉਨ੍ਹਾਂ ਕਿਹਾ ਕਿ ਮੈਂ ਆਸਾ ਦੀ ਵਾਰ ਦਾ ਕੀਰਤਨ ਸੁਣਨਾ ਹੈ।

ਵਾਰ ਦੇ ਭੋਗ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਆਏ ਮਹਿਮਾਨਾਂ ਬਾਰੇ ਦੱਸਦਿਆਂ ਕਿਹਾ "ਸਾਡੇ ਦਰਮਿਆਨ ਪੰਜਾਬ ਸਿਆਸਤ ਦੇ ਉੱਘੇ ਲੀਡਰ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਪਹੁੰਚੇ ਹਨ, ਨਾਮਧਾਰੀ ਦਰਬਾਰ ਉਨ੍ਹਾਂ ਨੂੰ 'ਜੀ ਆਇਆ' ਆਖਦਾ ਹੈ। ਕੁਲਤਾਰ ਸਿੰਘ ਜੀ ਦਾ ਅੰਮ੍ਰਿਤ ਵੇਲੇ ਉੱਠ ਆਸਾ ਦੀ ਵਾਰ ਸੁਨਣ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਪਹੁੰਚਣਾ ਦੱਸਦਾ ਹੈ ਕਿ ਉਹ ਸਿੱਖੀ ਨੂੰ ਕਿੰਨਾ ਪਿਆਰ ਕਰਦੇ ਹਨ, ਨਹੀਂ ਤੇ ਸਿਆਸੀ ਲੋਕਾਂ ਦੀ ਦਿਨਚਰਿਆ ਤਾਂ ੧੦-੧੧ ਵਜੇ ਤੋਂ ਬਾਅਦ ਆਰੰਭ ਹੁੰਦੀ ਹੈ।"

ਸ. ਕੁਲਤਾਰ ਸਿੰਘ ਸਪੀਕਰ 'ਵਿਧਾਨ ਸਭਾ ਪੰਜਾਬ' ਨੇ ਆਖਿਆ "ਮੈਂ ਆਪਣੇ ਆਪ ਨੂੰ ਬਹੁਤਖੁਸ਼ਨਸੀਬ ਸਮਝਦਾ ਹਾਂ ਇਸ ਪਾਵਨ ਧਰਤੀ ਤੇ ਆ ਦਰਸ਼ਨ ਕਰਨ ਦਾ ਗੁਰਬਾਣੀ ਸੁਨਣ ਦਾ ਮੌਕਾ ਮਿਲਿਆ। ਗੁਰੂ ਰਾਮ ਸਿੰਘ ਜੀ ਦੀ ਪੰਜਾਬ ਨੂੰ ਅਦੁੱਤੀ ਦੇਣ ਹੈ। ਉਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਜੋ ਕਿਹਾ ਉਹ ਕਰ ਦਿਖਾਇਆ। ਅੰਗਰੇਜ਼ ਸਰਕਾਰ ਨੂੰ ਮੁਕਾਬਲਾ ਦਿੱਤਾ। ਅੱਜ ਵੀ ਜਦੋਂ ਕਿਤੇ ਨਾਮਧਾਰੀ ਸੰਗਤ ਦੇ ਦਰਸ਼ਨ ਹੁੰਦੇ ਹਨ ਤਾਂ ਸਤਿਗੁਰੂ ਰਾਮ ਸਿੰਘ ਜੀ ਦੀਆਂ ਉਦੋਂ ਸਾਰੀਆਂ ਕੁਰਬਾਨੀਆਂ ਸਾਹਮਣੇ ਆ ਜਾਂਦੀਆਂ ਹਨ। ਨਾਮਧਾਰੀ ਸਾਡੇ ਪ੍ਰੇਰਨਾ ਸਰੋਤ ਹਨ। ਬੜੀ ਦੇਰ ਦੀ ਇੱਛਾ ਸੀ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਕੀਰਤਨ ਸੁਣਾ। ਮੇਰੀ ਅੱਜ ਇੱਛਾ ਪੂਰੀ ਹੋਈ ਹੈ। ਸਤਿਗੁਰੂ ਜੀ ਨੇ ਬਹੁਤ ਕ੍ਰਿਪਾ ਕੀਤੀ ਹੈ। ਸਤਿਗੁਰੂ ਜੀ ਤੇ ਸੰਗਤ ਇਸ ਤਰ੍ਹਾਂ ਹੀ ਸਿਰ 'ਤੇ ਹੱਥ ਰੱਖੇ ਤੇ ਸੇਵਾ ਕਰਦੇ ਰਹੀਏ।" ਸ੍ਰੀ ਸਤਿਗੁਰੂ ਜੀ ਨੇ ਸ. ਕੁਲਤਾਰ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤਾ।

ਸੂਬਾ ਜੀ ਨੇ ਸੰਗਤ ਨੂੰ ਇਸ ਤਰ੍ਹਾਂ ਹੀ ਬੈਠੇ ਰਹਿਣ ਲਈ ਕਿਹਾ ਤੇ ਗੁਰਲਾਲ ਸਿੰਘ ਨੇ ਸੰਗਤ ਨੂੰ ਸੰਬੋਧਨ ਕੀਤਾ।

**ਗੁਰਲਾਲ ਸਿੰਘ–** "ਇਹ ਜੋ ਜਪ ਪ੍ਰਯੋਗ ਦਾ ਵੱਡਾ ਕੁੰਭ ਪਿਛਲੇ ਇਕ ਮਹੀਨੇ ਤੋਂ ਚੱਲ ਰਿਹਾ ਹੈ ਇਸ ਦੀ ਦੇਣ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿੱਤੀ। ਇਹ ਸ੍ਰੀ ਭੈਣੀ ਸਾਹਿਬ ਦੀ ਧਰਤੀ ਆਦਿ ਸਮੇਂ ਤੋਂ ਹੀ ਤਪੱਸਵੀਆਂ, ਜਪੀਆਂ ਅਤੇ ਸੂਰਮਿਆਂ ਦੀ ਕਰਮ ਭੂਮੀ ਰਹੀ। ਇਸ ਧਰਤੀ ਨੇ ਦੁਨੀਆਂ ਨੂੰ ਪਿਆਰ ਦਾ ਸੰਦੇਸ਼ ਦਿੱਤਾ ਹੈ। ਅੱਜ ਦੇ ਸਮੇਂ ਬਹੁਤ ਸਾਰੀਆਂ ਧਾਰਮਿਕ ਸਟੇਜਾਂ ਤੋਂ ਨਫ਼ਰਤ ਦੇ ਬੋਲ ਬੋਲੇ ਜਾ ਰਹੇ ਨੇ ਧਾਰਮਿਕ ਅਖਵਾਉਣ ਵਾਲੇ ਲੋਕਾਂ ਲਈ ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ, ਜਦੋਂ ਸਾਰੇ ਧਰਮ ਇਨਸਾਨੀਅਤ ਸਿਖਾਉਂਦੇ ਹਨ ਤੇ ਅਸੀਂ ਧਰਮ ਦੇ ਨਾਮ ਤੇ ਲੜ ਉਸ ਇਨਸਾਨੀਅਤ ਨੂੰ ਸ਼ਰਮਸ਼ਾਰ ਕਰ ਰਹੇ ਹਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਗੁਰੂ ਨਾਨਕ ਸਰਬ ਸੰਪਰਦਾ ਕਾਨਫਰੰਸ ਕੀਤੀ, ਗੁਰੂ ਨਾਨਕ ਨਾਮ ਲੇਵੀਆਂ ਨੂੰ ਇਕ ਸਟੇਜ 'ਤੇ ਇਕੱਠਾ ਕੀਤਾ। ਆਪਸੀ ਵਿਵਾਦ ਛੱਡ ਗੁਰੂ ਨਾਨਕ ਦੇ ਰਸਤੇ ਦਾ ਪ੍ਰਚਾਰ ਕਰਨ ਲਈ ਕਿਹਾ। ਹਿੰਦੂ-ਸਿੱਖ ਮਿਲਾਪ ਕਾਨਫਰੰਸ ਕੀਤੀ। ਇਹ ਸਾਰੇ ਯਤਨ ਇਸ ਲਈ ਸੀ ਕਿ ਅਸੀਂ ਆਪਸੀ ਵਿਵਾਦਾਂ ਨੂੰ ਛੱਡੀਏ ਤੇ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕਰੀਏ।" ਸਟੇਜ 'ਤੇ ਬੈਠੇ ਸਿਆਸੀ ਲੋਕਾਂ ਵੱਲ ਇਸ਼ਾਰਾ ਕਰਦਿਆਂ ਗੁਰਲਾਲ ਸਿੰਘ ਨੇ ਕਿਹਾ "ਤੁਸੀਂ ਜ਼ਿੰਮੇਵਾਰ ਸੱਜਣ ਹੋ, ਮੈਂ ਇਸ ਲਈ ਗੱਲ ਕਰਦਾ ਹਾਂ ਕਿ ਪੰਜਾਬ ਦੀ ਹਵਾ ਵਿੱਚ ਦਿਨੋਂ ਦਿਨ ਨਫ਼ਰਤ ਘੋਲੀ ਜਾ ਰਹੀ ਏ, ਤੁਸੀਂ ਸੁਚੇਤ ਹੋਵੋ। ਪੰਜਾਬ ਦੀ ਧਰਤੀ ਸਦੀਆਂ ਤੋਂ ਪਿਆਰ ਮੁਹੱਬਤ ਦਾ ਸੁਨੇਹਾ ਦਿੰਦੀ ਰਹੀ ਹੈ।

ਸਾਧ ਸੰਗਤ ਨੇ ਇਸ ਜਪ ਪ੍ਰਯੋਗ ਦੌਰਾਨ ਰੋਜ਼ਾਨਾ ਅੱਠ-ਅੱਠ ਘੰਟੇ ਨਾਮ ਸਿਮਰਨ ਕੀਤਾ ਹੈ। ਸ੍ਰੀ ਭੈਣੀ ਸਾਹਿਬ ਦੀ ਧਰਤੀ ਲੈਬ ਵਾਂਗੂ ਹੈ ਜਿੱਥੇ ਅਸੀਂ ਹਰ ਸਾਲ ਆਪਣੇ ਮਨ ਤੇ ਪ੍ਰਯੋਗ ਕਰਦੇ ਹਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਇਸ ਧਰਤੀ ਤੇ ਜਪ ਪ੍ਰਯੋਗ ਕੀਤਾ ਤੇ ਸਾਨੂੰ ਇਹ ਅਮੁੱਲ ਦਾਤ ਬਖ਼ਸ਼ੀ। ਸਤਿਗੁਰੂ ਜੀ ਕਿਰਪਾ ਕਰਨ ਸਾਨੂੰ ਸਾਰਿਆਂ ਨੂੰ ਨਾਮ ਨਾਲ ਜੋੜੀ ਰੱਖਣ। ਧੰਨਵਾਦ।

**ਹੱਲੇ ਦੇ ਦੀਵਾਨ:-** ਅੱਜ ਦੁਪਹਿਰ ਵੇਲੇ ਹੱਲੇ ਦੇ ਦੀਵਾਨ ਸਜਾਏ ਗਏ। ਅੱਜ ਮੇਲੇ ਦਾ ਆਖਰੀ ਦਿਨ ਹੈ। ਸੰਗਤਾਂ ਦੂਰ ਦੁਰੇਡੇ ਤੋਂ ਆਪੋ ਆਪਣੇ ਸਾਧਨਾਂ 'ਤੇ ਪਹੁੰਚ ਰਹੀਆਂ ਹਨ। ਅੱਜ ਦੇ ਦੀਵਾਨਾਂ ਵਿਚ **ਜਥੇਦਾਰ ਸੁਰਿੰਦਰ ਸਿੰਘ ਕੱਕੜ** ਨੇ ਸ਼ੁਰੂਆਤ ਕੀਤੀ। **ਮਹੰਤ ਦਰਸ਼ਨ ਸਿੰਘ ਦਿੱਲੀ** ਨੇ ਪੁਰਾਤਨ ਇਤਿਹਾਸ ਦੇ ਸਾਖੀ ਪ੍ਰਮਾਣ ਦੇ ਨਾਮ ਸਿਮਰਨ ਦਾ ਮਹੱਤਵ ਬਾਰੇ ਚਾਨਣਾ ਪਾਇਆ। **ਜਥੇਦਾਰ ਹਰਪ੍ਰੀਤ ਸਿੰਘ ਪਾਣੀਪਤ** ਨੇ ਉੱਚੀਆਂ ਸੁਰਾਂ ਵਿੱਚ ਦੀਵਾਨ

ਸਜਾਇਆ। ਸ਼ਹੀਦਾਂ ਦੇ ਜੀਵਨ ਬਾਰੇ ਜਾਣਕਾਰੀ ਸੰਗਤ ਨੂੰ ਦਿੱਤੀ । **ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ** ਦੇ ਦੀਵਾਨ ਦਾ ਵਿਸ਼ਾ ਕਰਮ ਕਾਂਡਾਂ ਦੀ ਨਿਖੇਧੀ ਸੀ ਉਨ੍ਹਾਂ ਦੱਸਿਆ ਕਿ ਬਿਨਾਂ ਨਾਮ ਤੋਂ ਸਾਰੇ ਕਰਮ ਕਾਂਡ ਵਿਅਰਥ ਹਨ।

**ਪੰਡਤ ਯਾਦਵਿੰਦਰ ਸਿੰਘ ਜੀ** ਨੇ ਸਿੱਖੀ ਸਿਧਾਂਤ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਰਸਿੱਖ ਸ਼ਬਦ ਵਿਚ ਦੋਨੋਂ ਚੀਜ਼ਾਂ ਸ਼ਾਮਲ ਹਨ 'ਗੁਰੂ' ਦੇ 'ਸਿੱਖ'। ਦੋਨਾਂ ਨੂੰ ਮਿਲਾ ਕੇ ਗੁਰਸਿੱਖ ਇੱਕ ਵਿਅਕਤੀ ਬਣਦਾ ਹੈ। ਗੁਰੂ 'ਚ ਸਿੱਖ ਅਭੇਦ ਹੋ ਜਾਏ ਉਸ ਵੇਲੇ ਗੁਰਸਿੱਖ ਦਾ ਜੀਵਨ ਪੂਰਾ ਹੁੰਦਾ ਹੈ। ਜਿਸਤਰ੍ਹਾਂ ਸਿੱਖ ਗੁਰੂ ਦੀ ਮੰਗ ਕਰਦਾ ਹੈ ਇਸ ਪ੍ਰਕਾਰ ਗੁਰੂ ਵੀ ਸਿੱਖ ਨੂੰ ਲੋਚਦਾ ਹੈ। ਦੋਨੋਂ ਆਪਸੀ ਪ੍ਰੇਮ ਦੇ ਆਕਰਸ਼ਣ ਵਿਚ ਬੱਝੇ ਹੋਏ ਇੱਕ ਅਧਿਆਤਮਕ ਸੰਸਾਰ ਦੀ ਸੈਰ ਕਰਦੇ ਹਨ। ਜੇ ਸਿੱਖ ਆਪਣਾ ਆਪ ਨਿਛਾਵਰ ਕਰਦਾ ਹੈ ਗੁਰੂ ਵੀ ਹਰ ਜਗ੍ਹਾ ਸਿੱਖ ਦੀ ਰੱਖਿਆ ਕਰਦਾ ਹੈ। ਸਿੱਖੀ ਜੀਵਨ ਦੋਨਾਂ ਦੇ ਮਿਲਾਪ ਦਾ ਜੀਵਨ ਹੈ। ਜਿਵੇਂ ਬੱਦਲਾਂ ਤੋਂ ਬਿਨਾਂ ਵਰਖਾ, ਬੀਅ ਤੋਂ ਬਿਨਾਂ ਪੈਦਾਵਰ ਅਸੰਭਵ ਹੈ ਇਸੇ ਤਰ੍ਹਾਂ ਗੁਰੂ ਤੋਂ ਬਿਨਾਂ ਸਿੱਖੀ ਦੀ ਸਾਧਨਾ ਅਸੰਭਵ ਹੈ।

ਨਾਮਧਾਰੀ ਦਰਬਾਰ ਵਲੋਂ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜਾਂ ਤਿਆਰ ਕਰਵਾਈਆਂ ਗਈਆਂ ਹਨ। ਬੜੇ ਲੰਮੇ ਸਮੇਂ ਤੋਂ ਇਸ ਕਾਰਜ ਲਈ ਨਾਮਧਾਰੀ ਵਿਸਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੀ ਰਹਿਨੁਮਾਈ ਹੇਠ ਮਿਹਨਤ ਕਰ ਇਸ ਨੂੰ ਸਿਰੇ ਚੜ੍ਹਾਇਆ ਹੈ।

**ਅੱਜ 16-10-2022 ਨੂੰ ਉਹਨਾਂ ਬੀੜਾਂ ਦੇ ਸੰਪੂਰਨ ਹੋਣ ਦੀ ਖੁਸ਼ੀ ਵਿੱਚ ਸਮਾਗਮ ਕੀਤਾ ਗਿਆ। ਵੱਖ-ਵੱਖ ਸੰਪਰਦਾਵਾਂ ਦੇ ਕਈ ਵਿਦਵਾਨ ਇਸ ਸਮੇਂ ਮੌਜੂਦ ਸਨ।**

**ਸੰਤ ਨਿਸ਼ਾਨ ਸਿੰਘ ਜੀ** ਨੇ ਕਿਹਾ ਕਿ ਸੱਚੇ ਪਾਤਸ਼ਾਹ ਜੀ ਨੇ ਕ੍ਰਿਪਾ ਕਰਕੇ ਇਕ ਟੀਮ ਨੂੰ ਲਾਇਆ ਹੋਇਆ ਸੀ ਜੋ ਗਰੀਬ ਨਿਵਾਜ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਪਾਵਨ ਗੁਰਬਾਣੀ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੋਧ ਦਾ ਕਾਰਜ ਕਰ ਰਹੀ ਸੀ ਕਿਉਂਕਿ ਜਿੰਨੀਆਂ ਵੀ ਬੀੜਾਂ ਨੇ ਭਾਵੇਂ ਉਹ ਹੱਥ ਲਿਖਤ ਨੇ ਚਾਹੇ ਉਹ ਛਾਪੇ ਦੀਆਂ ਹਨ, ਉਹਨਾਂ ਵਿੱਚ ਪਾਠ ਅੰਤਰ ਬਹੁਤ ਜਿਆਦਾ ਹੈ। ਸੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਕਿਉਂਕਿ ਸਤਿਗੁਰੂ ਜੀ ਜਿਥੇ ਗੁਣਾਂ ਦੇ ਕਦਰ ਦਾਨ ਸਨ ਉਥੇ ਗੁਰੂ ਦੀ ਗੁਰਬਾਣੀ ਦਾ ਪ੍ਰਚਾਰ ਘਰ-ਘਰ ਤੱਕ ਪਹੁੰਚਾਉਣ ਦੀ ਇੱਛਾ ਰੱਖਣ ਵਾਲੇ ਸਨ। ਸਤਿਗੁਰੂ ਜੀ ਨੇ ਕਿਰਪਾ ਕਰਕੇ ਉਸ ਸਮੇਂ ਦੇ ਵੱਡੇ ਵਿਦਵਾਨ ਸੁਆਮੀ ਹਰਨਾਮ ਦਾਸ ਜੀ ਉਦਾਸੀਨ ਜਿਹਨਾਂ ਨੇ ਦਸਮ ਬਾਣੀ ਦੀ ਸੁਧਾਈ ਲਈ ਬਹੁਤ ਵੱਡਾ ਕਾਰਜ ਕੀਤਾ। ਉਹਨਾਂ ਨੇ ਸਰਬਲੋਹ ਦਾ ਵੀ ਟੀਕਾ ਕੀਤਾ। ਸੁਆਮੀ ਜੀ ਦੇ ਦੋ ਟੀਕਿਆਂ ਦਾ ਜ਼ਿਕਰ ਮਿਲਦਾ ਹੈ। ਇਕ ਟੀਕਾ 1946 ਦੇ ਵਿੱਚ ਲਾਹੌਰ ਤੋਂ ਛਪਿਆ ਸੀ। ਜਿਹੜਾ ਅੱਜ ਕੱਲ ਉਪਲਬਧ ਨਹੀਂ ਹੈ। ਦੂਸਰਾ ਟੀਕਾ ਜਿਹੜਾ ਬੁੱਢਾ ਦੱਲ ਦੇ ਮੁੱਖੀ ਬਾਬਾ ਸੰਤਾ ਸਿੰਘ ਜੀ ਦੇ ਨਾਮ ਹੇਠ ਛਪਿਆ ਹੈ ਉਹ ਵੀ ਸੁਆਮੀ ਹਰਨਾਮ ਦਾਸ ਜੀ ਨੇ ਕੀਤਾ ਹੈ। ਉਹ ਟੀਕਾ ਅੱਜ ਵੀ ਸਾਡੇ ਵਿੱਚ ਉਪਲਬਧ ਹੈ। ਉਸ ਤੋਂ ਬਾਅਦ ਉਹਨਾਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੱਖਰੀਆਂ ਵੱਖਰੀਆਂ ਬੀੜਾਂ ਤੋਂ ਅਧਿਆਨ ਕਰਕੇ ਉਹਨਾਂ ਦੇ ਸਹੀ ਰੂਪ ਇਕੱਤਰ ਕਰਨ ਦਾ ਯਤਨ ਕੀਤਾ ਹੈ ਤੇ ਨਾਲ ਦੀ ਨਾਲ ਟੀਕਾ ਵੀ ਕੀਤਾ ਹੈ। ਉਹ ਬਾਰ-ਬਾਰ ਇਕ ਗੱਲ ਲਿਖਿਆ ਕਰਦੇ ਸਨ ਕਿ ਮੇਰਾ ਮਨੋਰਥ ਇਹ ਹੈ ਕਿ ਗੁਰਬਾਣੀ ਦਾ ਸ਼ੁੱਧ ਰੂਪ ਸੰਗਤਾਂ ਤੱਕ ਪੁੱਜੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਇਆ ਦੀ ਵੱਡੀ ਕਿਰਪਾ ਕਰਕੇ ਉਹ ਦੋਵੇਂ ਟੀਕੇ ਸੁਆਮੀ ਜੀ ਕੋਲੋਂ ਲੈ ਲਏ ਸਨ। ਸਤਿਗੁਰੂ ਜੀ ਨੇ ਕੁਝ ਵਿਦਵਾਨਾਂ ਨੂੰ ਕੋਲ ਬਿਠਾ ਕੇ ਉਸ ਟੀਕੇ ਨੂੰ ਵਾਚਿਆ ਪਰ ਉਹ ਛਾਪੇ ਅਦੀਨ ਨਾ ਆ ਸਕਿਆ। ਹਜ਼ੂਰ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸਵ. ਮਾ. ਦਰਸ਼ਨ ਸਿੰਘ ਜੀ ਦੀ ਅਗਵਾਈ ਹੇਠ ਜਿਥੇ ਸਾਨੂੰ ਬਹੁਤ ਕੁਝ ਸਿਖਣ ਦਾ ਮੌਕਾ ਮਿਲਿਆ ਓਥੇ ਉਹਨਾਂ ਨਾਲ ਰਹਿ ਕੇ ਸੁਆਮੀ ਜੀ ਦੇ ਟੀਕੇ ਨੂੰ ਵਾਚ ਕੇ ਹੋਰ ਪੁਰਤਾਨ ਬੀੜਾ ਨੂੰ ਵਾਚ ਕੇ ਅਤੇ ਵੱਖ ਵੱਖ ਪਾਠ ਅਤੇ ਉਨ੍ਹਾਂ ਦੇ ਅਰਥਾਂ ਨੂੰ ਵੇਖ ਕੇ ਪਹਿਲੀ ਪੋਥੀ ਮਾਸਟਰ ਜੀ ਛਪਵਾ ਗਏ ਸਨ। ਦੂਸਰੀ ਪੋਥੀ ਵੀ ਸਤਿਗੁਰੂ ਜੀ ਦੀ ਕਿਰਪਾ ਨਾਲ ਤਿਆਰ ਹੋ ਗਈ। ਹੁਣ ਗਰੀਬ ਨਿਵਾਜ਼ ਜੀ ਦੀ ਕਿਰਪਾ ਨਾਲ ਦਸਮ ਬਾਣੀ ਦੀ ਸਮੁੱਚੀ ਬੀੜ ਛੱਪ ਗਈ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਮਨੁੱਖ ਜਿਆਦਾ ਹੀ ਤਰਕਵਾਦੀ ਹੁੰਦਾ ਜਾ ਰਿਹਾ ਹੈ ਜਿਥੇ ਇਤਿਹਾਸਕ ਗ੍ਰੰਥਾਂ ਉੱਤੇ ਕਿੰਤੂ ਪ੍ਰੰਤੂ ਹੋਣ ਲੱਗਿਆ ਉਥੇ ਪੁਰਾਤਨ ਪ੍ਰੰਪਰਾਵਾਂ ਉਤੇ ਵੀ ਕਿੰਤੂ ਪ੍ਰੰਤੂ ਹੋਣ ਲੱਗਾ ਹੈ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਗੁਰੂ ਦੀ ਬਾਣੀ ਤੇ ਵੀ ਕਿੰਤੂ ਪ੍ਰੰਤੂ ਹੋਣ ਲੱਗਿਆ ਹੈ। ਗੁਰੂ ਇਤਿਹਾਸ ਉਤੇ ਕਿੰਤੂ ਪ੍ਰੰਤੂ ਹੋਣ ਲੱਗਿਆ ਹੈ। ਇਥੋਂ ਤੱਕ ਹੋ

ਗਿਆ ਕਿ ਸਤਿਗੁਰੂ ਜੀ ਦੀਆਂ ਸ਼ਕਤੀਆਂ ਤੇ ਬਖਸ਼ਿਸ਼ਾਂ ਤੇ ਵੀ ਕਿੰਤੂ ਪ੍ਰੰਤੂ ਸਿੱਖ ਕਰਨ ਲੱਗ ਪਏ ਹਨ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਆਪਣੇ ਹੁਕਮਨਾਮੇ ਵਿੱਚ ਲਿਖਦੇ ਹਨ ਕਿ ਸਾਡੇ ਦੋਵੇਂ ਹੀ ਗ੍ਰੰਥ ਸਾਹਿਬ ਹਨ। ਸਤਿਗੁਰੂ ਜੀ ਦੋਵੇਂ ਹੀ ਗ੍ਰੰਥਾਂ ਨੂੰ ਬਰਾਬਰ ਮੰਨਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਨੇ ਕਿ ਜਿਸ ਸਿੱਖ ਦੇ ਅੰਦਰ ਕੀ ਤੇ ਕਿਉਂ ਦੀ ਭਾਵਨਾ ਆ ਜਾਂਦੀ ਹੈ ਤਾਂ ਉਸ ਦੇ ਅੰਦਰ ਸਿੱਖੀ ਨਹੀਂ ਟਿੱਕ ਸਕਦੀ। ਅਸੀਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਸਮਾਨ ਜਾਣਦੇ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਨੇ ਕੇ ਹਰ ਪਰਿਵਾਰ ਪ੍ਰਤੀ ਇਕ ਪਾਠ ਆਦਿ ਜਾਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਮਹੀਨੇ ਹੋਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਨਾਮਧਾਰੀਆਂ ਉਤੇ ਬਖਸ਼ਿਸ਼ ਕੀਤੀ ਹੈ ਕਿ ਕੋਈ ਵੀ ਨਾਮਧਾਰੀ ਬਾਣੀ ਦੀ ਕਿਸੇ ਇਕ ਤੁਕ ਤੇ ਵੀ ਸ਼ੰਕਾ ਨਹੀਂ ਕਰਦਾ। ਅਸੀਂ ਉਸ ਦਾ ਰੱਬੀ ਹੁਕਮ ਜਾਣ ਕੇ ਸਤਿਕਾਰ ਕਰਦੇ ਹਾਂ ਤੇ ਪੜ੍ਹਦੇ ਹਾਂ।

**ਗਿਆਨੀ ਗੁਰਵਿੰਦਰ ਸਿੰਘ ਨੰਗਲੀ ਜੀ** ਨੇ ਕਿਹਾ ਕਿ ਮਹਾਰਾਜ ਸਤਿਗੁਰੂ ਗੋਬਿੰਦ ਸਿੰਘ ਜੀ ਜਿਥੇ ਦਮਦਮਾ ਸਾਹਿਬ ਦੀ ਧਰਤੀ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਗੁਰਬਾਣੀ ਆਪਣੀ ਰਸਨਾ ਤੋਂ ਉਚਾਰ ਕੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਲਿਖਵਾਈ ਉਥੇ ਹੀ ਮਹਾਰਾਜ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਸਵੈ ਰਚਨਾ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਭਾਈ ਮਨੀ ਸਿੰਘ ਜੀ ਤੋਂ ਲਿਖਵਾ ਕਰਕੇ ਸਿੱਖ ਜਗਤ ਤਾਂਈਂ ਨਿਹਾਲ ਕਿਰਤਾਰਥ ਕੀਤਾ। 11 ਸਾਲ ਦੀ ਉਮਰ ਦੇ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਹਾਰਾਜ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਜਾਪੁ ਸਾਹਿਬ ਦੀ ਰਚਨਾ ਕੀਤੀ। ਜਾਪੁ ਸਾਹਿਬ ਮਹਾਰਾਜ ਜੀ ਦੀ ਐਸੀ ਅਲੌਕਿਕ ਰਚਨਾ ਹੈ ਜਿਸ ਵਿੱਚ ਚੌਦਾਂ ਸੌ ਵਾਰ ਅਕਾਲਪੁਰਖ ਪ੍ਰਮੇਸ਼ਰ ਨੂੰ ਨਮਸਕਾਰ ਕੀਤੀ ਹੈ। 7 ਬੋਲੀਆਂ ਵਿੱਚ ਮਹਾਰਾਜ ਸੱਚੇ ਪਾਤਸ਼ਾਹ ਜੀ ਨੇ ਇਹ ਮਹਾਨ ਕਾਵਿ ਰਚਨਾ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਜਿਥੇ ਦੇਗ ਦੇ ਧਨੀ ਸਨ ਤੇਗ ਦੇ ਧਨੀ ਸਨ ਉਥੇ ਕਲਮ ਦੇ ਵੀ ਧਨੀ ਸਨ ਜੇ ਦੇਖਣਾ ਹੋਵੇ ਤਾਂ ਜਾਪੁ ਸਾਹਿਬ ਪੜ੍ਹ ਕੇ ਹੀ ਪਤਾ ਲੱਗ ਜਾਂਦਾ ਹੈ। ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਨੇ ਇਕ-ਇਕ ਤੁਕ ਵਿੱਚ ਤਿੰਨ-ਤਿੰਨ ਬੋਲੀਆਂ ਪਰੋਈਆਂ ਹਨ। ਇਹ ਖਾਲਾ ਜੀ ਦਾ ਵਾੜਾ ਨਹੀਂ ਹੈ। ਤਿੰਨਾਂ ਬੋਲੀਆਂ ਨੂੰ ਇਕ ਤੁਕ ਵਿੱਚ ਪਰੋਣ ਵਾਲਾ ਕੌਣ ਹੈ? ਕਲਗੀਧਰ ਬਾਜਾਂ ਵਾਲਾ ਹੈ। ਗੁਰੂ ਖਾਲਸਾ ਜੀ ਐਸੇ ਬਾਜਾ ਵਾਲੇ ਦੀ ਪਾਵਨ ਬਾਣੀ ਨੂੰ ਲੈ ਕੇ ਸ਼ੰਕਾ ਕਰਨ ਵਾਲੇ ਕਹਿੰਦੇ ਹਨ ਕਿ ਇਹ ਬਾਜਾਂ ਵਾਲੇ ਦੀ ਬਾਣੀ ਨਹੀਂ ਹੈ, ਇਹ ਕਲਗੀਆਂ ਵਾਲੇ ਦੀ ਬਾਣੀ ਨਹੀਂ ਹੈ। ਦੱਸੋ ਬਾਜਾਂ ਵਾਲਿਆਂ ਤੋਂ ਬਿਨਾਂ ਕੌਣ ਇਹੋ ਜਿਹੀ ਬਾਣੀ ਲਿਖ ਸਕਦਾ ਹੈ? ਇਹੋ ਜਿਹੀ ਰਚਨਾ ਕੌਣ ਕਰ ਸਕਦਾ ਹੈ? ਜਿਹੜਾ 11 ਸਾਲਾਂ ਦੀ ਉਮਰ ਵਿੱਚ ਇਕ ਤੁਕ ਵਿੱਚ ਤਿੰਨ-ਤਿੰਨ ਬੋਲੀਆਂ ਪਰੋਅ ਕੇ ਰੱਖ ਦੇਵੇ ਉਹ ਕਲਗੀਆਂ ਵਾਲਾ ਹੀ ਹੈ। ਜਿਥੇ ਜਾਪੁ ਸਾਹਿਬ ਦੀ ਰਚਨਾ ਮਹਾਰਾਜ ਜੀ ਨੇ ਕੀਤੀ ਉਥੇ ਹੀ ਅਕਾਲ ਉਸਤਤ ਦੀ ਰਚਨਾ ਵੀ ਮਹਾਰਾਜ ਨੇ ਕੀਤੀ। ਬਚਿੱਤਰ ਨਾਟਕ ਵਿੱਚ ਮਹਾਰਾਜ ਨੇ ਆਪਣੇ ਪੂਰਬਲੇ ਜਨਮਾਂ ਦੀ ਕਥਾ ਕਹੀ ਹੈ। ਚੰਡੀ ਦੀ ਵਾਰ ਵਿੱਚ ਮਹਾਰਾਜ ਨੇ ਆਦਿ ਸ਼ਕਤੀ ਦਾ ਯੁੱਧ ਵਿਖਾ ਕੇ ਰਾਜਪੂਤਾ ਵਿੱਚ ਬੀਰ ਰਸ ਭਰਿਆ। ਅੱਗੇ ਗੁਰੂ ਖਾਲਸਾ ਜੀ ਅਵਤਾਰਾਂ ਦੀ ਕਥਾ ਹੈ। ਅਵਤਾਰਾਂ ਦੀ ਕਥਾ ਵਿੱਚ ਹੀ ਮਹਾਰਾਜ ਕਲਗੀਆਂ ਵਾਲਿਆਂ ਨੇ ਦੱਸਿਆ ਹੈ ਕਿ ਕੈਸੇ ਕੈਸੇ ਅਵਤਾਰ ਪੁਰਖ ਹੋਏ ਨੇ, ਉਨ੍ਹਾਂ ਨੇ ਕੈਸੀ ਕੈਸੀ ਬੀਰ ਰਸ ਦੀ ਲੀਲਾ ਇਸ ਦੁਨੀਆਂ ਉਪਰ ਕੀਤੀ ਹੈ। ਔਰ ਕਿਵੇਂ ਦੁਨੀਆਂ ਦਾ ਭਲਾ ਕੀਤਾ ਹੈ। ਅੱਗੇ ਸੱਚੇ ਪਾਤਸ਼ਾਹ ਜੀ ਨੇ ਸ਼ਬਦ ਹਜ਼ਾਰੇ ਉਚਾਰਨ ਕੀਤੇ ਹਨ। 33 ਸਵੈਯੇ ਉਚਾਰਨ ਕੀਤੇ ਹਨ। ਪਖੰਡ ਦਾ ਭਰਮ ਦਾ ਖਾਤਮਾ ਕੀਤਾ ਹੈ। ਸ਼ਸਤਰ ਨਾਮ ਮਾਲਾ ਦੇ ਵਿੱਚ ਮਹਾਰਾਜ ਨੇ ਸ਼ਸ਼ਤਰਾਂ ਨੂੰ ਪੀਰ ਦੱਸਿਆ ਹੈ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 100 ਅੰਗ ਹੈ ਜਿਸ ਵਿੱਚ ਸ਼ਸ਼ਤਰਾਂ ਦੀ ਮਹਿਮਾ ਕੀਤੀ ਹੈ। ਸ਼ਸ਼ਤਰਾਂ ਦੇ ਨਾਮ ਲਿਖੇ ਨੇ ਵੱਖ-ਵੱਖ ਸ਼ਸ਼ਤਰਾਂ ਦੀ ਵੱਖ ਵੱਖ ਤਰੀਕੇ ਨਾਲ ਮਹਿਮਾ ਕੀਤੀ ਹੈ। ਅੱਗੇ ਸਾਧ ਸੰਗਤ ਜੀ ਮਹਾਰਾਜ ਜੀ ਨੇ ਚਰ੍ਰਿਤ ਪਖਿਆਨ ਨਾਮ ਦੀ ਬਾਣੀ ਮਹਾਰਾਜ ਜੀ ਨੇ ਉਚਾਰਨ ਕੀਤੀ ਹੈ। ਇਹਦੇ ਵਿੱਚ ਇਸਤਰੀਆਂ ਤੇ ਪੁਰਸ਼ਾਂ ਦਾ ਚੰਗਾ ਤੇ ਮਾੜਾ ਚਰ੍ਰਿਤਰ ਵਖਿਆਣ ਕੀਤਾ ਹੈ। ਅੱਗੇ ਮਹਾਰਾਜ ਨੇ ਜ਼ਫ਼ਰਨਾਮੇ ਦੀ ਪਾਵਨ ਰਚਨਾ ਕੀਤੀ ਹੈ। ਉਹਦੇ ਤੋਂ ਪਹਿਲਾਂ ਅਸਫੋਟਕ ਕਬਿੱਤ ਵੀ ਆਉਂਦੇ ਹਨ। ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਵਾਰਾਂ ਵਧੀਕਾ ਦਾ ਪਾਠ ਹੈ ਏਦਾਂ ਹੀ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਸਫੋਟਕ ਕਬਿੱਤ ਆਉਂਦੇ ਹਨ, ਸਵੈਯੇ ਆਉਂਦੇ ਹਨ। ਜਿਹੜੇ ਛੁੱਟ ਗਏ ਜਾ ਰਹਿ ਗਏ ਵਿਚੋਂ ਪਾਠ ਉਹਨਾਂ ਨੂੰ ਇਕੱਠਿਆਂ ਕਰ ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ ਨੇ ਉਹਨਾਂ ਨੂੰ ਅਸਫੋਟਕ ਕਬਿੱਤ

ਸਵੈਯਆਂ ਦਾ ਨਾਮ ਦੇ ਕੇ ਲਿਖ ਦਿੱਤਾ ਹੈ। ਫਿਰ ਜ਼ਫ਼ਰਨਾਮਾ ਆਉਂਦਾ ਹੈ। ਗੁਰੂ ਮਹਾਰਾਜ ਜੀ ਨੇ ਪਹਿਲਾਂ 12 ਸ਼ਿਅਰਾਂ ਵਿੱਚ ਖੁਦਾ ਦੀ ਇਬਾਦਤ ਕੀਤੀ ਹੈ। ਮਹਾਰਾਜ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਇਕ ਦਾਸਤਾਨ ਤੇ 11 ਗੁਰੂ ਖਾਲਸਾ ਜੀ ਹਕਾਇਤਾਂ ਲਿਖੀਆਂ ਹਨ। ਦਾਸਤਾਨ ਕਹਿੰਦੇ ਹਨ ਹੱਡਬੀਤੀ ਨੂੰ। ਜਿਹੜੀ ਗੱਲ ਆਪਣੇ ਨਾਲ ਹੋਈ ਹੋਵੇ। ਹਕਾਇਤ ਕਹਿੰਦੇ ਹਨ ਜਿਹੜੀ ਪਰਾਏ ਦੇ ਤਨ ਉਪਰ ਬੀਤੀ ਹੋਵੇ। ਫਿਰ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪੈਂਦਾ ਹੈ। ਤੁਹਾਡਾ ਗੁਰੂ ਖਾਲਸਾ ਜੀ ਨਾਮਧਾਰੀਆਂ ਦਾ ਪੰਥ ਹੈ ਨਾਮ ਨੂੰ ਧਾਰਨ ਵਾਲਾ, ਨਾਮ ਨੂੰ ਅਧਾਰ ਮੰਨਣ ਵਾਲਾ, ਵਾਹਿਗੁਰੂ ਨਾਮ ਦੀ ਕਮਾਈ ਕਰਨ ਵਾਲਾ। ਮਹਾਰਾਜ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਮਾਨੋ ਆਪਾਂ ਨੂੰ ਵਿਸ਼ੇਸ਼ ਕਰਕੇ ਆਖਿਆ ਹੈ ਕਿ 'ਵਾਹਿਗੁਰੂ' ਜਪਾਂਗੇ ਤਾਂ ਹੀ ਲੋਕ ਤੇ ਪ੍ਰਲੋਕ ਵਿੱਚ ਸਾਡੀ ਫਤਹਿ ਹੋਵੇਗੀ। ਗੁਰੂ ਖਾਲਸਾ ਜੀ ਜੋ ਵਾਹਿਗੁਰੂ ਜਪਦਾ ਹੈ, ਮਨ ਦੇ ਉਪਰ ਉਹਦੀ ਫਤਹਿ ਹੋ ਜਾਂਦੀ ਹੈ। ਐਸੀ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਮੁੱਲੀ ਗੁਰਬਾਣੀ ਹੈ। ਇਸ ਗੁਰਬਾਣੀ ਦਾ ਪ੍ਰਕਾਸ਼ ਸ੍ਰੀ ਅਕਾਲ ਤਖਤ ਸਾਹਿਬ ਉਪਰ ਵੀ ਹੁੰਦਾ ਰਿਹਾ ਹੈ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੀ ਹੁੰਦਾ ਰਿਹਾ, ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੁਣ ਵੀ ਹੁੰਦਾ ਹੈ, ਔਰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਵੀ ਪ੍ਰਕਾਸ਼ ਹੈ। ਸਭ ਤੋਂ ਪਹਿਲੀ ਬੀੜ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੇ ਇਕਤ੍ਰਿਤ ਕੀਤੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕੱਠੀ ਬੀੜ ਹੈ। ਦਿਲੀ ਸਾਧ ਸੰਗਤ ਜੀ ਅੱਜ ਵੀ ਉਹ ਬੀੜ ਸੁਬਾਇਮਾਨ ਹੈ। ਇਸ ਤਰ੍ਹਾਂ ਹੋਰ ਬਹੁਤ ਪੁਰਾਤਨ ਬੀੜਾਂ ਹਨ। ਉਸ ਤੋਂ ਬਾਅਦ ਜਦੋਂ ਛਾਪੇ ਦਾ ਕੰਮ ਸ਼ੁਰੂ ਹੋਇਆ ਤਾਂ ਉਸ ਵਿੱਚ ਵੀ ਸਾਧ ਸੰਗਤ ਜੀ ਨਾਮਧਾਰੀਆਂ ਨੇ ਪਹਿਲ ਕਦਮੀ ਕੀਤੀ ਔਰ ਵੱਡਿਆਂ ਬਾਬਿਆਂ ਨੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਦਸਮ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਪਵਾ ਕੇ ਗੁਰੂ ਦੀਆਂ ਸੰਗਤਾਂ ਵਿੱਚ ਹਾਜ਼ਿਰ ਕੀਤੀ ਕਿ ਗੁਰਬਾਣੀ ਪੜੋ। ਆਪਣੇ ਮਨੁੱਖੇ ਜਨਮ ਨੂੰ ਸੁਹੇਲਾ ਕਰੋ। ਫਿਰ ਸਮਾਂ ਪਾ ਕੇ ਲਾਹੌਰ ਦੇ ਵਿੱਚ ਸਾਧ ਸੰਗਤ ਜੀ ਪ੍ਰੈਸ ਲੱਗੀ ਜਿਸ ਵਿੱਚ ਬੀੜਾਂ ਛਪੀਆਂ। ਅੰਮ੍ਰਿਤਸਰ ਵਿੱਚ ਵੀ ਪ੍ਰੈਸਾਂ ਲੱਗ ਗਈਆਂ। ਸ਼੍ਰੋਮਣੀ ਪ੍ਰੰਬਧਕ ਕਮੇਟੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ। ਪਰ ਦਸਮ ਦੀ ਬੀੜ ਵੱਲ ਧਿਆਨ ਨਹੀਂ ਕੀਤਾ। ਲਾਹੌਰ ਤੋਂ, ਬਾਈ ਚਤਰ ਸਿੰਘ ਜੀ ਭਾਈ ਜੀਵਨ ਸਿੰਘ ਜੀ ਉਹ ਵੀ ਸਫਰੀ ਅਕਾਰ ਦੀ ਬੀੜ ਛਾਪਦੇ ਰਹੇ ਹਨ। ਫਿਰ ਨਿਹੰਗ ਸਿੰਘ ਬਾਬਾ ਤੇਜਾ ਸਿੰਘ ਜੀ ਮਹਿਰੋਂ ਵਾਲੇ ਉਨ੍ਹਾਂ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਛਾਪੀ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੇ ਵੱਡਾ ਯਤਨ ਕੀਤਾ। ਤਖਤ ਸਾਹਿਬ ਤੋਂ ਵੀ ਬੀੜਾਂ ਛਪੀਆਂ ਹਨ। ਹੁਣ ਸਾਧ ਸੰਗਤ ਜੀ ਇਹ ਭੱਲ ਨਾਮਧਾਰੀ ਸੰਪਰਦਾ ਨੂੰ ਪ੍ਰਾਪਤ ਹੋਈ ਹੈ। ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਹੈ ਮਾ. ਦਰਸ਼ਨ ਸਿੰਘ ਜੀ ਨੇ ਇਹ ਕਾਰਜ ਸ਼ੁਰੂ ਕੀਤਾ ਸੀ ਉਹ ਮੇਰੇ ਕੋਲ ਗੁਰੂ ਖਾਲਸਾ ਜੀ ਗਏ ਵੀ ਸਨ, ਉਸ ਤੋਂ ਬਾਅਦ ਸੰਤ ਨਿਸ਼ਾਨ ਸਿੰਘ ਜੀ ਨੇ ਸਾਧ ਸੰਗਤ ਜੀ ਕਮਰ ਕੱਸਾ ਕੀਤਾ। ਪਹਿਲਾਂ ਭਾਗ ਤੇ ਸ਼ਾਇਦ ਮਾ. ਦਰਸ਼ਨ ਸਿੰਘ ਜੀ ਛਾਪ ਗਏ ਸਨ ਤੇ ਦੂਜਾ ਭਾਗ ਫਿਰ ਸੰਤ ਨਿਸ਼ਾਨ ਸਿੰਘ ਜੀ ਨੇ ਛਪਾ ਕੇ ਫਿਰ ਮਨ ਵਿੱਚ ਫੁਰਨਾ ਆਇਆ ਕਿ ਕਿਉਂ ਨਾ ਦੋਵਾਂ ਭਾਗਾਂ ਨੂੰ ਮਿਲਾ ਕੇ ਕਿਉਂ ਨਾ ਬੀੜ ਬਣਾ ਦਿੱਤੀ ਜਾਵੇ। ਫਿਰ ਮਨ ਵਿੱਚ ਵਿਚਾਰ ਕੀਤਾ ਕਿ ਇਕ ਵਾਰੀ ਫਿਰ ਨਿਗਾਹ ਮਾਰ ਲਈਏ ਕਿਤੇ ਅੱਖਰ ਦਾ ਕੋਈ ਵਾਧਾ ਘਾਟਾ ਤੇ ਨਹੀਂ ਰਹਿ ਗਿਆ। ਬੜੀ ਮਿਹਨਤ ਕਰਕੇ, ਵਿਦਵਾਨਾਂ ਦੇ ਕੋਲ ਜਾ ਜਾ ਕੇ, ਪੁਰਾਤਨ ਬੀੜਾਂ ਦੇਖ ਦੇਖ ਕੇ, ਫਿਰ ਨਾਮਧਾਰੀ ਨੌਜ਼ੁਆਨਾ ਨੂੰ ਬਿਠਾ ਕੇ, ਇਨ੍ਹਾਂ ਦੀ ਇਕੱਤਰਤਾ ਕਰਕੇ ਸਾਰੇ ਪਾਠ ਦੀ ਸੋਧ ਸੁਧਾਈ ਕਰਕੇ ਅੱਜ ਮਹਾਰਾਜ ਦੀ ਕਿਰਪਾ ਨਾਲ ਇਹ ਬੀੜ ਸੰਪੂਰਨ ਹੋਈ ਹੈ। ਮੇਰੇ ਵਿਦਿਆ ਦਾਤੇ ਸੰਤ ਗਿਆਨੀ ਹਰਦੀਪ ਸਿੰਘ ਜੀ ਅੱਜ ਉਹ ਇਥੇ ਹੁੰਦੇ ਤਾਂ ਬੜੀ ਖੁਸ਼ੀ ਹੋਣੀ ਸੀ। ਕਿਉਂ ਕਿ ਉਹ ਵੀ ਸਾਧ ਸੰਗਤ ਜੀ ਇਥੇ ਲੰਮਾ ਸਮਾਂ ਰਹੇ ਇਥੇ ਰਹਿ ਕੇ ਦਸਮ ਬਾਣੀ ਨੂੰ ਛਪਾਉਣ ਵਿੱਚ ਵੱਡੇ ਹਿੱਸੇ ਪਾਏ ਉਥੇ ਜ਼ੇਰੇ ਇਲਾਜ ਵੀ ਰਹੇ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

**ਗਿਆਨੀ ਜਸਵੀਰ ਸਿੰਘ ਜੀ** ਨੇ ਕਿਹਾ ਕਿ ਬੜੀ ਖੁਸ਼ੀ ਵਾਲੀ ਗੱਲ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਦੀ ਰਚਨਾ ਕੀਤੀ। ਕਲਗੀਧਰ ਪਾਤਸ਼ਾਹ ਜੀ ਨੇ ਐਸੀ ਬਾਣੀ ਰਚੀ ਹੈ ਕਿ ਜਿਸ ਨੂੰ ਪੜ੍ਹ ਕੇ ਸਾਨੂੰ ਹੋਰ ਧਰਾਮਿਕ ਗ੍ਰੰਥ ਪੜ੍ਹਨ ਦੀ ਲੋੜ ਨਹੀਂ ਰਹਿੰਦੀ। ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਇਕ ਪੰਗਤੀ ਦੇ ਅੰਦਰ ਇਕ ਇਕ ਮਹਾਂਪੁਰਖ ਦਾ ਪੂਰਾ ਜੀਵਨ ਲੁਕਿਆ ਹੋਇਆ ਹੈ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ

ਉਹਨਾਂ ਹੀ ਜੀਵਨ ਦੇ ਪ੍ਰਸੰਗਾਂ ਨੂੰ ਖੋਲ੍ਹ ਕੇ ਗੁਰੂ ਸਾਹਿਬ ਜੀ ਨੇ ਲਿਖਿਆ ਹੈ। ਉਨ੍ਹਾਂ ਕਿਹਾ ਸਾਧ ਸੰਗਤ ਜੀ ਇਸ ਗ੍ਰੰਥ ਦੇ ਲਗਭਗ ਪੰਜ ਹਿੱਸੇ ਹਨ। ਇਕ ਹਿੱਸਾ ਉਹ ਹੈ ਜਿਸਦੇ ਵਿੱਚ ਗੁਰੂ ਕਲਗੀਧਰ ਨੇ ਉਸ ਅਕਾਲ ਪੁਰਖ ਪ੍ਰਮੇਸ਼ਰ ਨੂੰ ਨਸਕਾਰ ਕੀਤੀ ਹੈ ਤੇ ਬੰਦਗੀ ਦਾ ਇਕ ਨਿਰੋਲ ਖ਼ਜ਼ਾਨਾ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕੀਤਾ ਹੈ। ਦੂਸਰਾ ਇਸਦਾ ਹਿੱਸਾ ਗਿਆਨ ਪ੍ਰਬੋਧ ਗ੍ਰੰਥ ਹੈ। ਆਪਣੇ ਆਪ ਵਿੱਚ ਸੰਪੂਰਨ ਗ੍ਰੰਥ ਹੈ। ਤੀਸਰਾ ਹਿੱਸਾ ਇਸ ਦਾ ਹੈ ਬਚਿੱਤਰ ਨਾਟਕ ਤੇ ਚੌਥਾ ਹਿੱਸਾ ਹੈ ਸ਼ਸ਼ਤਰਨਾਮ ਮਾਲਾ। ਪੰਜਵਾਂ ਹਿੱਸਾ ਹੈ ਚਰਿਤ੍ਰਯੋ ਪਖਿਆਨ। ਇਨ੍ਹਾਂ ਪੰਜ ਗ੍ਰੰਥਾਂ ਨੂੰ ਜਦੋਂ ਇਕ ਜਿਲਦ ਵਿੱਚ ਇਕੱਠਾ ਕੀਤਾ ਜਾਂਦਾ ਹੈ ਤਾਂ ਇਸ ਨੂੰ ਵਿਦਿਆਧਰ ਸਾਗਰ ਗ੍ਰੰਥ ਕਿਹਾ ਜਾਂਦਾ ਸੀ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਖਾਲਸੇ ਦੇ ਕੋਲੋਂ ਇਹ ਗ੍ਰੰਥ ਅਲੋਪ ਹੋ ਗਿਆ। ਪੋਥੀਆਂ ਦੇ ਰੂਪ ਵਿੱਚ ਖਾਲਸੇ ਦੇ ਕੋਲ ਸਜਿਆ ਕਰਦੀ ਸੀ। ਸਤਕਾਰ ਯੋਗ ਮਾਤਾ ਸੁੰਦਰ ਕੌਰ ਜੀ ਨੇ ਸਿੰਘ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਆਖ ਕੇ ਇਸ ਸਾਰੀ ਬਾਣੀ ਨੂੰ ਇਕ ਜਿਲਦ ਵਿੱਚ ਬੰਨਣ ਦਾ ਹੁਕਮ ਕੀਤਾ। ਭਾਈ ਸਾਹਿਬ ਜੀ ਨੇ ਬਾਖੂਬੀ ਇਹ ਸੇਵਾ ਨਿਭਾਈ। 1723 ਈ. ਸੰਨ ਦੇ ਹਿਸਾਬ ਨਾਲ ਉਸ ਬੀੜ ਦੀ ਇਕ ਜਿਲਦ ਬੱਝੀ। ਸਮੇਂ ਸਮੇਂ ਦੇ ਨਾਲ ਨਾਮ ਬਦਲਦਾ ਰਿਹਾ। ਪੁਰਾਤਨ ਬੀੜਾਂ ਦੇ ਵਿੱਚ ਦਸਮ ਪਾਤਸ਼ਾਹ ਜੀ ਦੀ ਬਾਣੀ ਦੇ ਪਵਿੱਤਰ ਗ੍ਰੰਥ ਦਾ ਨਾਮ ਹੈ 'ਦਸਮ ਪਾਤਸ਼ਾਹ ਯੋ ਕਾ ਗ੍ਰੰਥ ਸਾਹਿਬ'। ਸਮੇਂ ਦੇ ਅਨੁਸਾਰ ਅੱਜ ਕੱਲ ਇਸ ਦਾ ਨਾਮ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਉਨ੍ਹਾਂ ਨੇ ਦੱਸਿਆ ਕਿ ਮਹਾਰਾਜ ਜੀ ਨੇ ਪਹਿਲਾਂ ਪੰਜ ਜਨਮ ਮਾਲਾਂ ਫੇਰੀ ਹੈ ਤੇ ਫਿਰ ਛੇਵੇਂ ਜਾਮੇ ਵਿੱਚ ਤਲਵਾਰ ਚੱਕੀ ਸੀ। ਜਿਵੇਂ ਸੰਤ ਜੀ ਨੇ ਦੱਸਿਆ ਹੈ ਕਿ ਜਿਵੇਂ ਦੀ ਦ੍ਰਿਸ਼ਟੀ ਹੋਵੇ ਉਵੇਂ ਦਾ ਸੰਸਾਰ ਦਿਸਦਾ ਹੈ। ਕਾਮੀਆਂ ਨੂੰ ਸੱਚੇ ਪਾਤਸ਼ਾਹ ਜੀ ਦੀ ਬਾਣੀ ਵਿੱਚ ਕਾਮ ਹੀ ਦਿੱਸੀ ਜਾਂਦਾ ਹੈ। ਗੁਰੂ ਜੀ ਦੀ ਬਾਣੀ ਪੜ੍ਹ ਕੇ ਜੋ ਰਸ ਬਣਦਾ ਹੈ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

**ਗਿਆਨੀ ਗੁਰਜੰਟ ਸਿੰਘ ਪਟਿਆਲੇ ਵਾਲਿਆਂ** ਨੇ ਕਿਹਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਤੱਕ ਪੰਥ ਵਿੱਚ ਬੇਅੰਤ ਜਥੇਬੰਦੀਆਂ ਹੋਂਦ ਵਿੱਚ ਆਈਆਂ। ਇਹ ਸਾਰੀਆਂ ਜਥੇਬੰਦੀਆਂ ਗੁਰਬਾਣੀ ਵਿਚ ਅਟੱਲ ਨਿਸਚਾ ਰੱਖਦੀਆਂ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਗਈ ਹੈ ਬਹੁਤ ਖੁਸ਼ੀ ਦੀ ਗੱਲ ਹੈ। ਅੱਜ ਨਾਮਧਾਰੀ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਗਿਆਨੀ ਹਰਦੀਪ ਸਿੰਘ ਜੀ ਸੁਧਾਈ ਦਾ ਸਾਰਾ ਕਾਰਜ ਗਿਆਨੀ ਗੁਰਵਿੰਦਰ ਸਿੰਘ ਜੀ ਨੂੰ ਦੇ ਕੇ ਗਏ ਹਨ। ਗਿਆਨੀ ਗੁਰਵਿੰਦਰ ਸਿੰਘ ਜੀ ਨੇ ਵੀ ਨਾਮਧਾਰੀ ਸੰਪਰਦਾ ਨੂੰ ਪੂਰਾ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਇਕ ਗੱਲ ਜ਼ਰੂਰ ਯਾਦ ਰੱਖਿਓ ਤੁਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੇ ਸ਼ਰਧਾ ਤੇ ਵਿਸ਼ਵਾਸ ਰੱਖੋ ਜਿਵੇਂ ਤੁਸੀਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਰੱਖਦੇ ਹੋ।

**ਸੰਤ ਅਮਰੀਕ ਸਿੰਘ ਹੰਸਾਲੀ ਵਾਲੇ** ਨੇ ਕਿਹਾ ਕਿ ਅੱਜ ਨਾਮਧਾਰੀ ਵਧਾਈ ਦੇ ਪਾਤਰ ਹਨ। ਮੈਨੂੰ ਸੱਦਾ ਮਿਲਿਆ ਸੀ। ਮੈਨੂੰ ਬਹੁਤ ਖੁਸ਼ੀ ਹੋਈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਸੰਪੂਰਨ ਰੂਪ ਵਿੱਚ ਨਾਮਧਾਰੀਆਂ ਨੇ ਤਿਆਰ ਕੀਤੀ ਹੈ। ਇਹ ਬਹੁਤ ਸ਼ਲਾਘਾਯੋਗ ਕਾਰਜ ਹੈ ਇੱਕ ਵਡਮੁੱਲੀ ਗੱਲ ਕੀਤੀ ਹੈ। ਸਾਡੇ ਧਾਰਮਿਕ ਗ੍ਰੰਥਾਂ ਦੀ ਸਾਂਭ ਸੰਭਾਲ ਇਹ ਸੰਪਰਦਾਵਾਂ ਕਰ ਰਹੀਆਂ ਹਨ। ਅਸੀਂ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਹੱਕ ਵਿੱਚ ਪ੍ਰਚਾਰ ਕਰਨਾ ਤੇ ਬੋਲਣਾ ਹੈ। ਚੌਪਈ ਪੜ੍ਹਦੇ ਹਾਂ, ਰਹਿਰਾਸ ਪੜ੍ਹਨੀ ਚਾਹੀਦੀ ਹੈ ਹੈਰਾਨੀ ਦੀ ਗੱਲ ਹੈ ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਦਾ ਉਚਾਰਨ ਕਿਵੇਂ ਕਰਨਾ ਹੈ ਉਹ ਕਿੰਤੂ ਪ੍ਰੰਤੂ ਕਰ ਰਹੇ ਹਨ। ਆਓ ਤਕੜੇ ਹੋ ਕੇ ਇਸ ਗੁਰਬਾਣੀ ਦਾ ਅਦਬ ਕਰੀਏ ਜਿੱਥੇ ਜਿੱਥੇ ਵੀ ਗੁਰਦੁਆਰੇ ਹਨ ਉਥੇ ਇਨ੍ਹਾਂ ਬੀੜਾਂ ਦਾ ਪ੍ਰਕਾਸ਼ ਕਰੀਏ।

**ਸਿਰੋਪਾਓ ਬਖ਼ਸ਼ੇ–** ਆਏ ਹੋਏ ਸਾਰੇ ਹੀ ਪਤਵੰਤੇ ਸੱਜਣਾਂ ਦਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿਰੋਪਾਓ ਦੇ ਕੇ ਸਨਮਾਨ ਕੀਤਾ।

**ਨਿਤਨੇਮ ਤੇ ਕੀਰਤਨ–** ਹਰ ਰੋਜ਼ ਦੀ ਤਰ੍ਹਾਂ ਇਸ ਪ੍ਰੋਗਰਾਮ ਤੋਂ ਬਾਅਦ ਨਿਤਨੇਮ ਦੀ ਅਰਦਾਸ ਕੀਤੀ ਗਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਦੂਰੋਂ ਨੇੜੇ ਆਈਆਂ ਸੰਗਤਾਂ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਰਹੀਆਂ ਸਨ। ਸੰਗਤਾਂ ਦਾ ਅਥਾਹ ਇਕੱਠ ਸੀ ਸਾਰਾ ਪੰਡਾਲ ਸੰਗਤ ਨਾਲ ਭਰਪੂਰ ਸੀ। ਮੇਨ ਗੇਟ ਤੋਂ ਲੰਗਰ ਤੱਕ ਸੰਗਤਾਂ ਦਾ ਇਕੱਠ ਇਨ੍ਹਾਂ ਸੀ ਕਿ ਤਿਲ ਸੁੱਟਣ ਨੂੰ ਜਗ੍ਹਾ ਨਹੀਂ ਸੀ। ਸਾਰੇ ਮੇਲੇ ਨੂੰ ਸਾਡੀ ਲਾਈਵ ਕਰਨ ਵਾਲੀ ਟੀਮ ਬਹੁਤ ਹੀ ਵਧੀਆ ਢੰਗ ਨਾਲ ਪ੍ਰਸਾਰਿਤ ਕਰ ਰਹੀ ਸੀ। ਹੁਣ ਨਿਤਨੇਮ ਤੋਂ ਬਾਅਦ ਕੀਰਤਨ ਦਾ ਸਮਾਂ ਹੋ ਗਿਆ ਸੀ। ਰਾਗੀ ਹਰਬੰਸ ਸਿੰਘ ਤੇ ਸਾਥੀ ਰਾਗੀਆਂ ਨੇ ਮਿਲ ਕੇ ਸ਼ਬਦ ਗਾਇਨ ਕੀਤੇ।

ਉੱਚੀਆਂ ਸੁਰਾਂ ਵਿੱਚ ਬਹੁਤ ਹੀ ਜੋਸ਼ੀਲੇ ਬੋਲਾਂ ਰਾਹੀਂ ਤੰਤੀ ਸਾਜ਼ਾਂ ਨਾਲ ਕੀਰਤਨ ਗਾਇਨ ਕੀਤਾ ਗਿਆ। ਅਰਦਾਸ ਤੋਂ ਬਾਅਦ ਸੂਬਾ ਜੀ ਨੇ ਰਾਤ ਦੇ ਦੀਵਾਨਾਂ ਦਾ ਸਮਾਂ ਦੱਸਿਆ।

**ਪੁਸਤਕ ਰਿਲੀਜ਼**

ਹਰ ਮੇਲੇ 'ਤੇ ਨਾਮਧਾਰੀ ਦਰਬਾਰ ਵੱਲੋਂ ਛਪਵਾਈਆਂ ਪੁਸਤਕਾਂ ਅਤੇ ਵੱਖ-ਵੱਖ ਵਿਦਵਾਨਾਂ ਵੱਲੋਂ ਲਿਖੀਆਂ ਨਵੀਂਆਂ ਕਿਤਾਬਾਂ ਸ੍ਰੀ ਸਤਿਗੁਰੂ ਜੀ ਵੱਲੋਂ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਇਸ ਵਾਰੀ ਦੋ ਕਿਤਾਬਾਂ ਬਹੁਤ ਚਰਚਾ ਵਿੱਚ ਰਹੀਆਂ, ਇਕ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਵੱਲੋਂ ਲਿਖੀ 'ਨਾਮਧਾਰੀ ਇਤਿਹਾਸ ਕੁਰਬਾਨੀਆਂ ਤੇ ਸਮਾਜ ਸੇਵਾ' ਇਸ ਪੁਸਤਕ ਬਾਰੇ ਬੋਲਦਿਆਂ ਸੁਵਰਨ ਸਿੰਘ ਵਿਰਕ ਜੀ ਨੇ ਇਸ ਦੇ ਲੇਖਕ ਗੁਰਬਚਨ ਸਿੰਘ ਭੁੱਲਰ ਬਾਰੇ ਸੰਗਤ ਨੂੰ ਜਾਣਕਾਰੀ ਦਿੱਤੀ ਵਿਰਕ ਜੀ ਨੇ ਦੱਸਿਆ ਭੁੱਲਰ ਸਾਹਿਬ ਦਾ ਨਾਮਧਾਰੀ ਸਮਾਜ ਨਾਲ ਖ਼ਾਸਾ ਨਾਤਾ ਹੈ। ਭੁੱਲਰ ਜੀ ਦਾ ਪਿੰਡ ਪਿੱਥੋ ਹੈ ਜਿੱਥੋਂ ਦੇ ਸੂਬਾ ਹੁਕਮਾ ਸਿੰਘ ਜੀ ਸਨ। ਜੋ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀਆਂ ਕਾਪੀਆਂ ਨਕਲ ਕਰਦੇ ਰਹੇ ਇਸ ਕਰਕੇ ਇਸ ਪਿੰਡ ਵਿੱਚ ਪੜ੍ਹਾਈ ਲਿਖਾਈ ਦਾ ਬੀਜ ਅੰਕੁਰ ਹੋਇਆ। ਪਿੱਥੋਂ ਪਿੰਡ ਦੇ ਹੀ ਰਾਏਕੋਟ ਸ਼ਹੀਦ ਹੋਣ ਵਾਲੇ ਗੁਰਮੁਖ ਸਿੰਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਸਨ। ਇਨ੍ਹਾਂ ਨਾਮਧਾਰੀ ਸ਼ਹੀਦਾਂ ਦੀਆਂ ਇਸ ਪਿੰਡ ਵਿਚ ਜਗ੍ਹਾ ਬਣੀ ਹੋਈ ਹੈ। ਗੁਰਬਚਨ ਸਿੰਘ ਭੁੱਲਰ ਨੇ ਪਿਛਲੇ ਸਮੇਂ ਵਿੱਚ ਇਨ੍ਹਾਂ ਨਾਮਧਾਰੀ ਸ਼ਹੀਦਾਂ ਬਾਰੇ ਜਾਣਕਾਰੀ ਭਰਪੂਰ ਲੇਖ ਵੀ ਲਿਖੇ। ਇਸ ਨਵੀਂ ਪੁਸਤਕ ਨੂੰ ਲੇਖਕ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲਾ ਭਾਗ 'ਮਾਨਵਵਾਦ ਦਾ ਮਾਰਗ' ਹੈ। ਇਸ ਵਿੱਚ ਵੱਖ-ਵੱਖ ਆਰਟੀਕਲ ਜੋ ਨਾਮਧਾਰੀ ਇਤਿਹਾਸ, ਸਾਹਿਤ ਤੇ ਕਲਾ ਨਾਲ ਸਬੰਧਿਤ ਹਨ ਦੂਸਰੇ ਭਾਗ ਵਿਚ ਪੰਜ ਨਾਮਧਾਰੀ ਲੇਖਕਾਂ ਦੇ ਰੇਖਾ ਚਿੱਤਰ ਹਨ ਅਤੇ ਤੀਸਰੇ ਭਾਗ ਵਿੱਚ ਲੇਖਕ ਦਾ ਸਫ਼ਰਨਾਮਾ ਹੈ ਜੋ ਨਾਮਧਾਰੀ ਫਾਰਮ ਕਰਨਾਟਕਾ ਦੀ ਯਾਤਰਾ ਹੈ, ਜਿਸ ਵਿੱਚ ਲੇਖਕ ਹਜ਼ੂਰ ਸਤਿਗੁਰੂ ਜੀ ਨੂੰ ਉਥੇ ਮਿਲਦਾ ਹੈ। ਗੁਰਬਚਨ ਸਿੰਘ ਵੱਲੋਂ ਆਏ ਸੰਦੇਸ਼ ਨੂੰ ਗੁਰਭੇਜ ਸਿੰਘ ਗੁਰਾਇਆ ਗੁਰਾਇਆ ਨੇ ਪੜ੍ਹਿਆ।

**ਦੋ ਗੱਲਾਂ ਲੇਖਕ ਵੱਲੋਂ**

ਮੇਰੀ ਦਿਲੀ ਇੱਛਾ ਸੀ ਕਿ ਭੈਣੀ ਸਾਹਿਬ ਪਹੁੰਚ ਕੇ ਆਪਣੀ ਪੁਸਤਕ 'ਨਾਮਧਾਰੀ ਇਤਿਹਾਸ: ਕੁਰਬਾਨੀਆਂ ਤੇ ਸਮਾਜ ਸੇਵਾ' ਸਤਿਗੁਰੂ ਜੀ ਨੂੰ ਭੇਟ ਕਰਾਂ। ਪਰ ਮਨੁੱਖ ਦੀ ਆਯੂ ਦੀਆਂ ਮਜਬੂਰੀਆਂ ਪੇਸ਼ ਨਹੀਂ ਜਾਣ ਦਿੰਦੀਆਂ। ਤਾਂ ਵੀ ਮੈਨੂੰ ਬੇਹੱਦ ਖ਼ੁਸ਼ੀ ਤੇ ਤਸੱਲੀ ਹੈ ਕਿ ਮੇਰੀ ਪੁਸਤਕ ਸਤਿਗੁਰੂ ਜੀ ਦੇ ਕਰ-ਕਮਲਾਂ ਦੀ ਛੁਹ ਪ੍ਰਾਪਤ ਕਰ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜ ਰਹੀ ਹੈ।

ਇਸ ਪੁਸਤਕ ਦੀ ਨੀਂਹ ਤਾਂ ਇਕ ਤਰ੍ਹਾਂ ਨਾਲ ਬਹੁਤ ਪਹਿਲਾਂ ਟਿਕ ਗਈ ਸੀ ਜਦੋਂ ਹੋਸ਼ ਆਉਣ ਦੀ ਉਮਰ ਨੂੰ ਪਹੁੰਚ ਕੇ ਮੈਨੂੰ ਆਪਣੇ ਪਿੰਡ ਪਿੱਥੋ ਦੇ ਚਾਰ ਨਾਮਧਾਰੀ ਸ਼ਹੀਦਾਂ ਦਾ ਕਾਰਨਾਮਾ ਸਮਝ ਆਇਆ ਸੀ। ਜਿਵੇਂ ਤੁਸੀਂ ਜਾਣਦੇ ਹੀ ਹੋਵੋਗੇ, ਰਾਏਕੋਟ ਵਿਚ ਫਾਂਸੀ ਚਾੜ੍ਹੇ ਗਏ ਤਿੰਨੇ ਨਾਮਧਾਰੀ ਸ਼ਹੀਦ ਮੇਰੇ ਪਿੰਡ ਪਿੱਥੋ ਦੇ ਸਨ ਅਤੇ ਮਲੇਰਕੋਟਲੇ ਦੇ 66 ਸ਼ਹੀਦਾਂ ਵਿਚੋਂ ਵੀ ਇਕ ਮੇਰੇ ਪਿੰਡ ਦਾ ਸੀ।

ਇਹਨਾਂ ਸ਼ਹੀਦੀਆਂ ਦੇ ਇਤਿਹਾਸ ਤੱਕ ਪੁੱਜ ਕੇ ਇਹ ਚਾਹ ਹੋਣਾ ਸੁਭਾਵਿਕ ਸੀ ਕਿ ਇਸ ਆਪਾ-ਵਾਰੂ ਜਜ਼ਬੇ ਦੇ ਜਨਮਦਾਤਾ ਸਤਿਗੁਰੂ ਰਾਮ ਸਿੰਘ ਜੀ ਦੀ ਕਰਨੀ ਬਾਰੇ ਜਾਣਿਆ ਜਾਵੇ। ਸਿੱਖ ਰਾਜ ਦੇ ਖ਼ਾਤਮੇ ਨੇ ਅਤੇ ਅੰਗਰੇਜ਼ ਦੇ ਕਬਜ਼ੇ ਨੇ ਪੰਜਾਬੀਆਂ ਨੂੰ ਬਾਕੀ ਹਿੰਦੁਸਤਾਨ ਵਾਂਗ ਨਿਰਾਸਾ ਤੇ ਬੇਦਿਲੀ ਦੀ ਦਲਦਲ ਵਿਚ ਧੱਕ ਦਿੱਤਾ ਸੀ। ਸਤਿਗੁਰੂ ਰਾਮ ਸਿੰਘ ਜੀ ਵਰਗੇ ਪੰਜਾਬ-ਦਰਦੀ ਤੇ ਦੇਸ-ਭਗਤ ਦਾ ਮਨ ਪੰਜਾਬ ਦੀ ਇਹ ਹਾਲਤ ਦੇਖ ਕੇ ਵਲੂੰਧਰੇ ਜਾਣਾ ਕੁਦਰਤੀ ਸੀ। ਪਰ ਉਹ ਜਾਣਦੇ ਸਨ ਕਿ ਜਨਤਕ ਜਥੇਬੰਦੀ ਬਿਨਾਂ ਵਿਅਕਤੀਗਤ ਜਾਂ ਟੋਲੇ ਦੇ ਰੂਪ ਵਿਚ ਕੀਤੇ ਗਏ ਜਤਨ ਕੋਈ ਸਿੱਟਾ ਨਹੀਂ ਕਢਦੇ। ਡੂੰਘੀ ਸੋਚ-ਵਿਚਾਰ ਤੇ ਸੂਝਵਾਨ ਵਿਉਂਤਬੰਦੀ ਤੋਂ ਮਗਰੋਂ ਸਤਿਗੁਰੂ ਜੀ ਇਸ ਫੈਸਲੇ ਉੱਤੇ ਪਹੁੰਚੇ ਕਿ ਧਰਮ ਅਤੇ ਸਿਆਸਤ ਦੇ ਸੁਮੇਲ ਨਾਲ ਇਕ ਤਾਕਤਵਰ ਜਥੇਬੰਦੀ ਕਾਇਮ ਕੀਤੀ ਜਾਵੇ।

ਉਹਨਾਂ ਨੇ ਵਿਸਾਖੀ ਦੇ ਮੌਕੇ 12 ਅਪਰੈਲ 1857 ਨੂੰ ਭੈਣੀ ਸਾਹਿਬ ਵਿਖੇ ਸਫ਼ੈਦ ਝੰਡਾ ਝੁਲਾ ਕੇ ਨਾਮਧਾਰੀ ਪੰਥ ਦੀ ਨੀਂਹ ਰੱਖੀ ਅਤੇ ਰੋਹ, ਰੋਸ ਤੇ ਨਾਬਰੀ ਦਾ ਬਿਗਲ ਵਜਾ ਦਿੱਤਾ। ਇਹ ਤੱਥ ਧਿਆਨਜੋਗ ਹੈ ਕਿ 1857 ਦਾ ਗ਼ਦਰ ਇਸ ਤੋਂ ਇਕ ਮਹੀਨਾ ਮਗਰੋਂ, 10 ਮਈ 1857 ਨੂੰ ਸ਼ੁਰੂ ਹੋਇਆ। ਪਰ ਆਜ਼ਾਦੀ ਦੀ ਪਹਿਲੀ ਲੜਾਈ ਉਸ ਨੂੰ ਕਿਹਾ ਜਾਂਦਾ ਹੈ। ਇਹ ਸਾਡੀ ਪੰਜਾਬੀਆਂ ਦੀ ਕਿੰਨੀ ਵੱਡੀ ਭੁੱਲ ਤੇ ਅਣਗਹਿਲੀ ਹੈ ਕਿ ਅਸੀਂ ਇਹ ਤੱਥ ਦੁਨੀਆ ਸਾਹਮਣੇ ਠੀਕ ਢੰਗ ਨਾਲ ਪੇਸ਼ ਨਹੀਂ ਕਰ ਸਕੇ। ਇਹ ਸੱਚ ਚਿੱਟੇ ਦਿਨ ਵਾਂਗ ਉਜਾਗਰ ਹੈ ਕਿ ਪੰਜਾਬ ਵਿਚ ਹੀ ਨਹੀਂ,

ਪੂਰੇ ਹਿੰਦੁਸਤਾਨ ਵਿਚ ਪਹਿਲੀ ਅੰਗਰੇਜ਼-ਵਿਰੋਧੀ ਜਥੇਬੰਦ ਜਨਤਕ ਲਹਿਰ ਖੜ੍ਹੀ ਕਰਨ ਦਾ ਸਿਹਰਾ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਜਾਂਦਾ ਹੈ।

ਇਹ ਉਹਨਾਂ ਦੀ ਕਰਾਮਾਤ ਹੀ ਸੀ ਕਿ ਦਿਲ ਛੱਡ ਚੁੱਕੇ ਪੰਜਾਬੀਆਂ ਵਿਚ ਅਜਿਹਾ ਜਜ਼ਬਾ ਭਰਿਆ ਕਿ ਉਹਨਾਂ ਨੇ ਸੀਸ ਤਲ਼ੀ ਉੱਤੇ ਰੱਖ ਲਏ। ਫਾਂਸੀ ਚੜ੍ਹਨ ਵੇਲੇ ਉਹ ਮੂੰਹ ਉੱਤੇ ਟੋਪਾ ਚੜ੍ਹਾਉਣ ਤੋਂ ਇਨਕਾਰ ਕਰ ਦਿੰਦੇ। ਫਾਂਸੀ ਦਾ ਰੱਸਾ ਜਲਾਦ ਤੋਂ ਖੋਹ ਆਪਣੇ ਗਲ਼ ਵਿਚ ਆਪ ਪਾਉਂਦੇ। ਤੋਪ ਨਾਲ ਉਡਾਏ ਜਾਣ ਵੇਲੇ ਰੱਸੇ ਨਾਲ ਬੱਝਣ ਤੋਂ ਤੇ ਤੋਪ ਵੱਲ ਪਿੱਠ ਕਰਨ ਤੋਂ ਨਾਂਹ ਕਰ ਦਿੰਦੇ। ਉਹ ਤੋਪ ਵੱਲ ਹਿੱਕ ਕਰਦੇ ਤੇ ਪੁਰਜ਼ਾ-ਪੁਰਜ਼ਾ ਉੱਡ ਜਾਂਦੇ!

ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਆਜ਼ਾਦੀ ਦੀ ਜੋਤ ਨੂੰ ਬੁਝਾਉਣ ਲਈ ਅੰਗਰੇਜ਼ ਨੇ ਉਹਨਾਂ ਨੂੰ ਪੰਜਾਬ ਤੋਂ ਦੂਰ ਭੇਜਣ ਸਮੇਤ ਕੋਈ ਕਸਰ ਨਹੀਂ ਸੀ ਛੱਡੀ। ਹਰ ਨਾਮਧਾਰੀ ਉੱਤੇ ਤਿੱਖੀ ਨਜ਼ਰ ਰੱਖੀ ਜਾਣ ਲੱਗੀ। ਭੈਣੀ ਸਾਹਿਬ ਨੂੰ ਪੁਲਸ ਦੇ ਸੰਗਲਾਂ ਵਿਚ ਜਕੜ ਦਿੱਤਾ ਗਿਆ। ਇਸ ਗੱਲ ਦਾ ਸਿਹਰਾ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਅਤੇ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਜਾਂਦਾ ਹੈ ਕਿ ਉਹਨਾਂ ਨੇ ਇਹਨਾਂ ਸਭ ਮੁਸ਼ਕਿਲਾਂ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਆਜ਼ਾਦੀ ਦੀ ਜੋਤ ਨੂੰ ਸਿਦਕ-ਸਿਰੜ ਨਾਲ ਜਗਦੀ ਰੱਖਿਆ।

ਸ਼ਬਦ, ਸਾਹਿਤ ਤੇ ਕਲਾ ਜਿਹੇ ਖੇਤਰਾਂ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਰੰਤਰ ਸਰਪਰਸਤੀ ਤਾਂ ਲੰਮੇ ਸਮੇਂ ਤੱਕ ਦੇਖਣ-ਸੁਣਨ ਦਾ ਮੌਕਾ ਮਿਲਦਾ ਰਿਹਾ। ਮੈਨੂੰ ਉਹਨਾਂ ਦੇ ਕਰ-ਕਮਲਾਂ ਤੋਂ ਦੋ ਵਾਰ ਸਨਮਾਨੇ ਜਾਣ ਦਾ ਸੁਭਾਗ ਵੀ ਮਿਲਿਆ। ਆਮ ਲੋਕ ਇਹ ਤਾਂ ਜਾਣਦੇ ਹਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨਾਲ ਲਗਾਉ ਸੀ ਅਤੇ ਉਹ ਸੰਗੀਤ ਦੇ ਕਦਰਦਾਨ ਸਨ, ਪਰ ਇਹ ਜਾਣਕਾਰੀ ਬਹੁਤ ਘੱਟ ਲੋਕਾਂ ਨੂੰ ਹੈ ਕਿ ਉਹ ਕਿੰਨੇ ਪਹੁੰਚੇ ਹੋਏ ਗਾਇਕ ਤੇ ਵਾਦਕ ਸਨ ਅਤੇ ਉਹਨਾਂ ਦੀ ਸੰਗੀਤ ਦੀ ਕਦਰਦਾਨੀ ਨੇ ਕਿੰਨੇ ਗਾਇਕਾਂ ਤੇ ਵਾਦਕਾਂ ਨੂੰ ਸੰਗੀਤ ਦੇ ਅਪਹੁੰਚ ਉਸਤਾਦਾਂ ਤੋਂ ਸਿਖਲਾਈ ਦਿਵਾ ਕੇ ਪੰਜਾਬ ਦੇ ਸੰਗੀਤ ਨੂੰ ਬੇਮਿਸਾਲ ਦੇਣ ਦਿੱਤੀ। ਸਿਖਿਆਰਥੀਆਂ ਨੂੰ ਚੰਗੀ ਤੋਂ ਚੰਗੀ ਸਿਖਲਾਈ ਨਾਲ ਨਾਮੀ ਸੰਗੀਤਕਾਰ ਬਣਾਉਣਾ ਉਹਨਾਂ ਦੀ ਰਜ਼ਾ ਰਹਿੰਦੀ ਸੀ।

ਉਸਤਾਦ ਅਮਜ਼ਦ ਅਲੀ ਖ਼ਾਂ ਸਾਹਿਬ ਨੇ ਕਿਹਾ ਸੀ, "ਮੇਰੇ ਅੱਬਾ ਜੀ ਕਿਹਾ ਕਰਦੇ ਸਨ ਕਿ ਹਿੰਦੁਸਤਾਨੀ ਕਲਾਸੀਕਲ ਸੰਗੀਤ ਦਾ ਸਰਪਰਸਤ ਹਰ ਕੋਈ ਨਹੀਂ ਹੋ ਸਕਦਾ। ਇਸ ਦੀ ਸਰਪਰਸਤੀ ਕੋਈ ਪਾਤਿਸ਼ਾਹ ਜਾਂ ਸੰਤ ਹੀ ਕਰ ਸਕਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਪਾਤਿਸ਼ਾਹ ਵੀ ਹਨ ਤੇ ਸੰਤ ਵੀ। ਉਹ ਅਜਿਹੇ ਸੂਰਜ ਹਨ ਜੋ ਦੇਸ-ਭਰ ਵਿਚ ਹਿੰਦੁਸਤਾਨੀ ਕਲਾਸੀਕਲ ਸੰਗੀਤ ਦਾ ਮਾਰਗ ਰੁਸ਼ਨਾ ਰਹੇ ਹਨ ਅਤੇ ਦੁਨੀਆ ਨੂੰ ਦਿਖਾ ਰਹੇ ਹਨ ਕਿ ਹਿੰਦੁਸਤਾਨੀ ਕਲਾਸੀਕਲ ਸੰਗੀਤ ਨੂੰ ਸਤਿਕਾਰਿਆ ਕਿਵੇਂ ਜਾਣਾ ਚਾਹੀਦਾ ਹੈ।"

ਪਿਛਲੇ ਦਿਨੀਂ ਦਿੱਲੀ ਪਧਾਰੇ ਸਤਿਗੁਰੂ ਉਦੇ ਸਿੰਘ ਜੀ ਨਾਲ ਬਚਨ-ਬਿਲਾਸ ਦਾ ਸੁਭਾਗ ਬਣਿਆ। ਕਾਫ਼ੀ ਪਹਿਲਾਂ ਮੈਨੂੰ ਤਿੰਨ ਹੋਰ ਮਿੱਤਰਾਂ ਸਮੇਤ ਨਾਮਧਾਰੀ ਫ਼ਾਰਮ ਬੰਗਲੌਰ ਵਿਖੇ ਇਹਨਾਂ ਨੂੰ ਇਕ ਹਫ਼ਤਾ ਨੇੜਿਉਂ ਦੇਖਣ ਦਾ ਮੌਕਾ ਮਿਲਿਆ ਸੀ। ਓਦੋਂ ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਨਾਲ ਫ਼ਾਰਮ ਨੂੰ ਨਿਰੰਤਰ ਵਿਕਾਸ ਦੇ ਮਾਰਗ ਉੱਤੇ ਅਗਵਾਈ ਦੇ ਰਹੇ ਸਨ। ਸਮਾਜਕ ਪੱਖੋਂ ਇਹਨਾਂ ਦੀ ਮਾਨਵੀ ਸੋਚ, ਸਥਾਨਕ ਕਿਰਤੀਆਂ ਵੱਲ ਇਹਨਾਂ ਦਾ ਸਨੇਹ ਵਾਲਾ ਰਵਈਆ, ਸਬਜ਼ੀਆਂ ਤੇ ਫਲਾਂ ਦੀ ਖੇਤੀ ਦੇ ਸੰਬੰਧ ਵਿਚ ਇਹਨਾਂ ਦਾ ਨਵੀਨ ਵਿਗਿਆਨਕ ਖੋਜਾਂ ਤੇ ਹਾਲਤਾਂ ਨਾਲ ਜੁੜੇ ਹੋਏ ਹੋਣਾ ਬਹੁਤ ਪ੍ਰਭਾਵਿਤ ਕਰਨ ਵਾਲੀਆਂ ਗੱਲਾਂ ਸਨ।

ਫ਼ਾਰਮ ਵਿਚ ਸਥਾਨਕ ਕਾਮਿਆਂ ਦੀ ਗਿਣਤੀ ਬਾਰੇ ਮੇਰੇ ਸਵਾਲ ਦੇ ਜਵਾਬ ਵਿਚ ਇਹਨਾਂ ਨੇ ਆਖਿਆ, "ਫ਼ਾਰਮ ਵਿਚ ਹਰ ਰੋਜ਼ ਡੇਢ ਸੌ ਤੋਂ ਲੈ ਕੇ ਢਾਈ ਸੌ ਤੱਕ ਸਥਾਨਕ ਇਸਤਰੀਆਂ-ਪੁਰਸ਼ ਕੰਮ ਕਰਦੇ ਹਨ। ਅਸਲ ਵਿਚ ਤਾਂ ਜਿੰਨੇ ਵੀ ਆ ਜਾਣ, ਅਸੀਂ ਕਿਸੇ ਨੂੰ ਮੋੜਦੇ ਨਹੀਂ। ਸਭ ਨੂੰ ਕੰਮ ਉਤੇ ਰੱਖ ਲਈਦਾ ਹੈ। ਜੋ ਆਉਂਦਾ ਹੈ, ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਰਾਜ਼ੀ ਜਾਂਦਾ ਹੈ। ਦਿਹਾੜੀ ਬਾਹਰ ਨਾਲੋਂ ਚੰਗੀ ਦਿੰਦੇ ਹਾਂ।"

ਮੈਂ ਇਹ ਗੱਲ ਸੁਣ ਕੇ ਦੰਗ ਰਹਿ ਗਿਆ! ਮੇਰਾ ਖ਼ਿਆਲ ਨਹੀਂ, ਦੁਨੀਆ ਵਿਚ ਹੋਰ ਕੋਈ ਕਾਰੋਬਾਰੀ ਸੰਸਥਾ ਅਜਿਹੀ ਹੋਵੇਗੀ ਜੋ ਰੋਟੀ-ਰੋਜ਼ੀ ਦੀ ਇੱਛਾ ਨਾਲ ਆਏ ਹਰ ਕਾਮੇ ਨੂੰ ਕੰਮ ਦੇ ਦਿੰਦੀ ਹੋਵੇ ਤੇ ਗੁਆਂਢੀਆਂ ਨਾਲੋਂ ਦਿਹਾੜੀ ਵੀ ਵੱਧ ਦਿੰਦੀ ਹੋਵੇ। ਇਸ ਤੋਂ ਵੀ ਵੱਡੀ ਗੱਲ ਸੀ ਸਥਾਨਕ ਕਾਮਿਆਂ, ਖਾਸ ਕਰ ਕੇ ਇਸਤਰੀਆਂ ਵੱਲ ਆਦਰ ਵਾਲਾ ਮਾਨਵੀ ਰਵਈਆ। ਇਹ ਗੱਲ ਸਥਾਨਕ ਲੋਕਾਂ ਦੇ ਮੂੰਹੋਂ ਸੁਣ ਕੇ ਬਹੁਤ ਚੰਗਾ ਮਹਿਸੂਸ ਹੋਇਆ ਕਿ ਇਹਨਾਂ ਦੀ ਅਗਵਾਈ ਵਿਚ ਨਾਮਧਾਰੀ ਫ਼ਾਰਮ ਨੇ ਦੇਸ ਦੇ ਦੁਰੇਡੇ

ਇਲਾਕੇ ਵਿਚ ਜਾ ਕੇ ਪੰਜਾਬੀਆਂ ਦੀ ਅਜਿਹੀ ਉੱਚੀ-ਸੁੱਚੀ ਤਸਵੀਰ ਪੇਸ਼ ਕੀਤੀ ਸੀ ਤੇ ਪੰਜਾਬ ਦਾ ਮਾਣ ਵਧਾਇਆ ਸੀ।

ਮੈਂ ਸਾਹਿਤ ਦੀ ਦੁਨੀਆਂ ਵਿਚ ਕਦਮ ਰੱਖਿਆ ਤਾਂ ਅਨੇਕ ਲੇਖਕਾਂ ਨਾਲ ਨੇੜਲੇ ਸੰਬੰਧ ਬਣੇ। ਉਹਨਾਂ ਵਿਚੋਂ ਸੰਤ ਇੰਦਰ ਸਿੰਘ ਚੱਕਰਵਰਤੀ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਜਗਦੀਸ਼ ਸਿੰਘ ਵਰਿਆਮ ਅਤੇ ਸੁਵਰਨ ਸਿੰਘ ਵਿਰਕ ਬਾਰੇ ਲੇਖ ਵੀ ਇਸ ਪੁਸਤਕ ਵਿਚ ਸ਼ਾਮਲ ਕਰ ਦਿੱਤੇ ਗਏ ਹਨ।

ਜਦੋਂ ਮੈਨੂੰ ਆਪਣੇ ਮਿੱਤਰ ਪ੍ਰੀਤਮ ਸਿੰਘ ਪੰਛੀ ਅਤੇ ਦੋ ਹੋਰ ਦੋਸਤਾਂ ਨਾਲ ਕਰਨਾਟਕ ਦਾ ਨਾਮਧਾਰੀ ਸੀਡਜ਼ ਫ਼ਾਰਮ ਦੇਖਣ ਦਾ ਮੌਕਾ ਮਿਲਿਆ ਸੀ, ਉਸ ਸਮੇਂ ਮੇਰੇ ਲਿਖੇ ਹੋਏ ਉਸ ਯਾਤਰਾ ਬਾਰੇ ਤੇ ਫ਼ਾਰਮ ਬਾਰੇ ਕਈ ਲੇਖ ਪੱਤਰਾਂ ਵਿਚ ਛਪੇ ਸਨ। ਇਸ ਪੁਸਤਕ ਦੀ ਤਿਆਰੀ ਸਮੇਂ ਉਹਨਾਂ ਨੂੰ ਵਾਚਿਆ ਤਾਂ ਮੈਨੂੰ ਖ਼ੁਸ਼ੀ ਹੋਈ ਕਿ ਉਹਨਾਂ ਦੀ ਕਦਰ ਕੀਮਤ ਵਿਚ ਸਮੇਂ ਨਾਲ ਉੱਕਾ ਹੀ ਕੋਈ ਘਾਟ ਨਹੀਂ ਸੀ ਆਈ। ਭਾਵੇਂ ਉਸ ਪਿੱਛੋਂ ਫ਼ਾਰਮ ਕਈ ਗੁਣਾ ਪ੍ਰਫੁੱਲਤ ਹੋ ਗਿਆ ਹੈ, ਪਰ ਉਹ ਲੇਖ ਅੱਜ ਵੀ ਫ਼ਾਰਮ ਦੀ ਥਾਹ ਪੁਆ ਦਿੰਦੇ ਹਨ ਅਤੇ ਲਿਖੇ ਜਾਣ ਸਮੇਂ ਜਿੰਨੇ ਹੀ ਜਾਣਕਾਰੀ ਭਰਪੂਰ, ਦਿਲਚਸਪ ਤੇ ਸੱਜਰੇ ਹਨ। ਉਹ ਲੇਖ ਵੀ ਇਸ ਪੁਸਤਕ ਦਾ ਅੰਗ ਹਨ।

ਮੈਨੂੰ ਖ਼ੁਸ਼ੀ ਹੈ ਕਿ ਸਤਿਗੁਰੂ ਜੀ ਨੇ ਇਸ ਪੁਸਤਕ ਨੂੰ ਆਪਣੇ ਅਸੀਸ-ਬਚਨਾਂ ਨਾਲ ਨਿਵਾਜਿਆ। ਮੈਂ ਨਾਮਧਾਰੀ ਇਤਿਹਾਸ ਦੇ ਪ੍ਰਸਿੱਧ ਖੋਜੀ ਵਿਦਵਾਨ ਸੁਵਰਨ ਸਿੰਘ ਵਿਰਕ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਪੁਸਤਕ ਵਿਚ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਆਸ ਹੈ, ਵੰਨ-ਸੁਵੰਨੀ ਜਾਣਕਾਰੀ ਦੇਣ ਵਾਲੀ ਇਹ ਪੁਸਤਕ ਆਮ ਕਰ ਕੇ ਸਮੁੱਚੇ ਪੰਜਾਬੀ ਪਾਠਕਾਂ ਨੂੰ ਤੇ ਖਾਸ ਕਰ ਕੇ ਨਾਮਧਾਰੀ ਪਾਠਕਾਂ ਨੂੰ ਜ਼ਰੂਰ ਜਾਣਕਾਰੀ-ਭਰਪੂਰ ਤੇ ਦਿਲਚਸਪ ਲਗੇਗੀ!

-- ਗੁਰਬਚਨ ਸਿੰਘ ਭੁੱਲਰ

**ਦੂਸਰੀ ਕਿਤਾਬ ਗੁਰਬਚਨ ਸਿੰਘ ਨਾਮਧਾਰੀ ਦੀ 'ਅੰਮ੍ਰਿਤ ਬੂੰਦ' ਸੀ। ਗੁਰਬਚਨ ਸਿੰਘ ਨਾਮਧਾਰੀ ਨੇ ਇਸ ਤੋਂ ਪਹਿਲਾਂ 'ਰੂਹਾਂ ਦੀਆਂ ਗੱਲਾਂ', 'ਸੁੰਨ ਮੰਡਲ ਦੇ ਜੋਗੀ' ਅਤੇ 'ਆਕਾਸ਼ ਤੋਂ ਪਾਰ' ਲਿਖੀਆਂ ਹਨ। ਇਹ ਉਨ੍ਹਾਂ ਦੀ ਚੌਥੀ ਪੁਸਤਕ ਹੈ ਇਸ ਵਿਚ ਇੱਕੀ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਆਰਟੀਕਲ ਹਨ। ਗੁਰਬਚਨ ਸਿੰਘ ਨਾਮਧਾਰੀ ਗੁਰਬਾਣੀ ਵੇਦਾਂਤ ਦੇ ਪ੍ਰਸਿੱਧ ਵਿਦਵਾਨ ਹਨ। ਆਪ ਦੀ ਲੇਖਣੀ ਵਿੱਚ ਇੱਕ ਵੱਖਰਾ ਆਨੰਦ ਅਤੇ ਸੁਹਜ ਹੈ। ਜੋ ਪਾਠਕ ਨੂੰ ਸੱਚਮੁੱਚ ਹੀ ਵੱਖਰੇ ਸੰਸਾਰ ਦੀ ਯਾਤਰਾ ਕਰਵਾਉਂਦੀ ਹੈ। ਇਸ ਪੁਸਤਕ ਦੇ ਪਿਛਲੇ ਸਰਵਰਕ ਤੇ ਲਿਖੀਆਂ ਸਤਰਾਂ ਆਪ ਦੀ ਲੇਖਣੀ ਦਾ ਉੱਤਮ ਨਮੂਨਾ ਹਨ।**

"ਬਹੁਤ ਦੂਰ ਪੂਰਵਾਂਚਲ ਵਿਚ ਪ੍ਰਭਾਤ ਦਾ ਸੂਰਜ ਉਦੈ ਹੁੰਦਾ ਹੈ ਤਾਂ ਧਰਤੀ ਦੇ ਤਲਾਅ ਵਿਚ ਕਮਲ ਦਾ ਫੁੱਲ ਖਿੜ ਜਾਂਦਾ ਹੈ। ਪੁੰਨਿਆ ਦਾ ਚੰਦ ਚੜ੍ਹਦਾ ਹੈ ਤਾਂ ਸਮੁੰਦਰ ਦੀਆਂ ਲਹਿਰਾਂ ਉਤਾਂਹ ਨੂੰ ਉੱਠ ਖਲੋਂਦੀਆਂ ਹਨ। ਮੇਘ ਦੀ ਗਰਜਨਾ ਹੁੰਦੀ ਹੈ ਤਾਂ ਮੋਰ ਨਿਰਤ ਕਰਨ ਲੱਗਦੇ ਹਨ। ਸੂਰਜ, ਚੰਦ, ਤਾਰੇ, ਧਰਤੀ, ਪਸ਼ੂ, ਰੁੱਖ, ਨਦੀਆਂ, ਪਹਾੜ ਇਹ ਸਾਰੇ ਇੱਕ ਰਿਸ਼ਤੇ ਵਿੱਚ ਹਨ।"

ਹੋਰ ਵੀ ਕਈ ਕਵੀਆਂ ਲੇਖਕਾਂ ਨੇ ਆਪਣੀਆਂ ਪੁਸਤਕਾਂ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀਆਂ।

ਰਾਤ ਦੇ ਹੱਲੇ ਦੇ ਦੀਵਾਨ ਅੱਜ ਮੇਲੇ ਦਾ ਆਖ਼ਰੀ ਦਿਨ ਸੀ ਬਾਕੀ ਰਹਿੰਦੇ ਜਥੇਦਾਰਾਂ ਦੇ ਦੀਵਾਨਾਂ ਦਾ ਸਮਾਂ ਅੱਜ ਸੀ ਅੱਜ ਦੇਰ ਰਾਤ ਤੱਕ ਦੀਵਾਨਾਂ ਦਾ ਪ੍ਰਵਾਹ ਚੱਲਦਾ ਰਿਹਾ। ਢੋਲਕੀ ਤੇ ਖੜਤਾਲਾਂ ਨੇ ਦੀਵਾਨਾਂ ਵਿਚ ਆਨੰਦ ਭਰ ਦਿੱਤਾ ਸੀ। ਜਥੇਦਾਰਾਂ ਦੀਆਂ ਧਾਰਨਾ ਤੇ ਉਨ੍ਹਾਂ ਦੇ ਸੁਣਾਏ ਪ੍ਰਸੰਗਾਂ ਦਾ ਸੰਗਤਾਂ ਨੇ ਭਰਪੂਰ ਆਨੰਦ ਆਇਆ। ਹਰ ਇੱਕ ਜਥੇਦਾਰ ਦਾ ਚਾਲੀ ਮਿੰਟ ਦਾ ਸਮਾਂ ਸੀ। ਸਟੇਜ ਦਾ ਸੰਚਾਲਨ ਜਥੇ. ਨਿਸ਼ਾਨ ਸਿੰਘ ਦਿੱਲੀ ਵਾਲੇ ਕਰਦੇ ਰਹੇ।

**ਰਾਤ ਦੇ ਦੀਵਾਨ**- ਅੱਜ ਰਾਤ ਦੇ ਦੀਵਾਨਾਂ ਵਿਚ ਸਭ ਤੋਂ ਪਹਿਲਾਂ ਜਥੇਦਾਰ ਦਵਿੰਦਰ ਸਿੰਘ ਨੇ ਸ਼ੁਰੂਆਤ ਕੀਤੀ ਸੂਬਾ ਸੁਰਿੰਦਰ ਸਿੰਘ ਗੁਣਾਂ ਐਮ. ਪੀ. ਨੇ ਸੇਵਾ ਤੇ ਸਿਮਰਨ ਉੱਤੇ ਦੀਵਾਨ ਸਜਾਇਆ। ਉਨ੍ਹਾਂ ਨੇ ਗੁਰੂ ਦੀ ਮਹੱਤਤਾ ਨੂੰ ਦੱਸਿਆ ਕਿ ਗੁਰੂ ਤੋਂ ਬਿਨਾਂ ਗਤੀ ਨਹੀਂ ਹੋ ਸਕਦੀ ਨਾਮ ਤੇ ਸੇਵਾ ਮਨੁੱਖੀ ਜੀਵਨ ਵਿੱਚ ਬਹੁਤ ਜ਼ਰੂਰੀ ਹੈ।

ਕਵੀਸ਼ਰ ਗੁਰਲਾਲ ਸਿੰਘ ਰਣਜੀਤ ਸਿੰਘ ਦੇ ਗੁਰਭਗਤ ਸਿੰਘ ਨੇ ਆਪਣੀਆਂ ਸੁਰੀਲੀਆਂ ਅਤੇ ਉੱਚੀਆਂ ਆਵਾਜ਼ਾਂ ਵਿੱਚ ਸਾਧ ਸੰਗਤ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਸੰਗ ਸੁਣਾਇਆ।

ਜਥੇ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਦੇ

ਹੱਲੇ ਦੇ ਦੀਵਾਨ ਨੇ ਤਾਂ ਕਮਾਲ ਹੀ ਕਰ ਦਿੱਤੀ ਸੀ। ਉਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਸਮੇਂ ਦੇ ਸਿੱਖ ਭਾਈ ਮੀਂਹਾਂ ਸਿੰਘ ਦਾ ਪ੍ਰਸੰਗ ਸੁਣਾਇਆ। ਕਿਸ ਤਰ੍ਹਾਂ ਉਹ ਦਰਸ਼ਨ ਕਰਨ ਗਿਆ। ਇਹ ਹੀ ਇੱਕੋ ਇੱਕ ਸਿੱਖ ਸੀ ਜਿਹੜਾ ਸਾਰੀ ਰਾਤ ਸਤਿਗੁਰੂ ਜੀ ਦੇ ਕੋਲ ਰਿਹਾ ਤੇ ਸਤਿਗੁਰੂ ਜੀ ਦੇ ਨਾਲ ਸਾਰੀ ਰਾਤ ਬਚਨ ਕਰਦਾ ਰਿਹਾ। ਸਤਿਗੁਰੂ ਜੀ ਨੇ ਗਲਵੱਕੜੀ 'ਚ ਲੈ ਕੇ ਪਿਆਰ ਬਖ਼ਸ਼ਿਆ ਤੇ ਆਪਣੇ ਪ੍ਰਸ਼ਾਦੇ ਵਿੱਚੋਂ ਪ੍ਰਸ਼ਾਦਾ ਛਕਾਇਆ। ਵੈਰਾਗਮਈ ਪ੍ਰਸੰਗ ਨੇ ਸੰਗਤਾਂ ਦਾ ਮਨ ਨੂੰ ਵਿਆਕੁਲ ਕਰ ਦਿੱਤਾ, ਅੱਖਾਂ ਵਿਚ ਹੰਝੂ ਸਨ। ਜਥੇਦਾਰ ਗੁਰਬਚਨ ਸਿੰਘ ਨੇ ਆਪਣੇ ਹੱਲੇ ਦੇ ਦੀਵਾਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੀ ਉਤਮ ਕਰਮ ਹੈ ਇਸ ਵਿਸ਼ੇ ਨੂੰ ਛੋਹਿਆ। ਜਥੇਦਾਰ ਗੁਰਚਰਨ ਸਿੰਘ ਮੁਹਾਵਾ ਨੇ ਸਤਿਗੁਰੂ ਦੇ ਦਰਸ਼ਨਾਂ ਦੀ ਗੱਲ ਕੀਤੀ। ਜਥੇਦਾਰ ਗੁਰਤੇਜ ਸਿੰਘ ਮੁਹਾਵਾ ਨੇ ਆਪਣੇ ਜਥੇ ਨਾਲ ਹਲੇ ਦਾ ਦੀਵਾਨ ਸਜਾਇਆ ਤੇ ਸਾਧ ਸੰਗਤ ਨੂੰ ਨਿਹਾਲ ਕੀਤਾ। ਅੱਜ ਦੇ ਦੀਵਾਨਾਂ ਦੀ ਇੱਥੇ ਹੀ ਸਮਾਪਤੀ ਕੀਤੀ ਗਈ ਅਗਲੇ ਦਿਨ ਆਨੰਦ ਕਾਰਜਾਂ ਦੇ ਨਾਲ ਹੀ ਮੇਲੇ ਦੀ ਸਮਾਪਤੀ ਕੀਤੀ ਜਾਣੀ ਸੀ। ਇਸ ਕਰਕੇ ਸਾਧ ਸੰਗਤ ਦੀਵਾਨ ਸੁਣ ਕੇ ਆਪੋ ਆਪਣੇ ਡੇਰਿਆਂ ਨੂੰ ਰਵਾਨਗੀ ਕਰ ਗਈ।

**17-10-2022-** ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ, ਅਜੇਪਾਲ ਸਿੰਘ, ਸਰਮੁੱਖ ਸਿੰਘ, ਗੁਰਚਰਨ ਸਿੰਘ, ਹਰਵਿੰਦਰ ਸਿੰਘ, ਈਸ਼ਰ ਸਿੰਘ ਅਤੇ ਇਕਬਾਲ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਤੰਤੀ ਸਾਜ਼ਾਂ ਦੇ ਨਾਲ ਗਾਇਣ ਕੀਤਾ।

**ਮੇਲੇ ਦੀ ਸਮਾਪਤੀ ਦਾ ਦਿਨ-** ਅੱਜ ਮੇਲੇ ਦਾ ਭੋਗ ਵਾਲਾ ਦਿਨ ਹੈ। ਪੂਰਾ ਮਹੀਨਾ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਨੂੰ ਨਾਮ ਸਿਮਰਨ ਜਪ ਪ੍ਰਯੋਗ ਤੇ ਸੇਵਾ ਕਰ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਪ੍ਰਯੋਗ ਵਿੱਚ ਬੱਚੇ ਤੋਂ ਲੈ ਕੇ ਬਿਰਧਾਂ ਤੱਕ ਨੇ ਆਪਣਾ ਸਮਾਂ ਇਸ ਮਹਾਨ ਜਪ ਪ੍ਰਯੋਗ ਵਿੱਚ ਲਾ ਕੇ ਆਪਣਾ ਜੀਵਨ ਸਫ਼ਲਾ ਕੀਤਾ।ਅੰਮ੍ਰਿਤ ਵੇਲੇ ਤੋਂ ਰਾਗੀ ਸਿੰਘਾਂ ਨੇ ਗੁਰਬਾਣੀ ਦੇ ਨਾਲ ਸੰਗਤਾਂ ਨੂੰ ਜੋੜੀ ਰੱਖਿਆ। ਆਈ ਹੋਈ ਸੰਗਤ ਵਾਰੋ-ਵਾਰੀ ਕਤਾਰਾਂ ਵਿੱਚ ਆ ਕੇ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰ ਰਹੀ ਸੀ। ਅੱਜ ਅਨੰਦ ਕਾਰਜ ਵੀ ਹੋਣੇ ਹਨ।ਇਸ ਕਰਕੇ ਪੰਡਾਲ ਵਿੱਚ ਹੀ ਸਟੇਜ ਦੇ ਸਾਹਮਣੇ ਹਵਨ ਮੰਡਪ ਅਤੇ ਬੇਦੀ ਤਿਆਰ ਕੀਤੀ ਗਈ ਹੈ। ਸੋਧੀ ਸਿੰਘਾਂ ਨੇ ਹਵਨ ਕੀਤਾ। ਇਸ ਦੇ ਨਾਲ ਹੀ ਵਿਆਹ ਵਾਲੇ ਲੜਕੇ ਲੜਕੀਆਂ ਨੂੰ ਬਿਠਾ ਕੇ ਅੰਮ੍ਰਿਤ ਛਕਾਇਆ ਗਿਆ।ਰਾਗੀ ਸਿੰਘਾਂ ਨੇ ਉੱਚੀਆਂ ਸੁਰਾਂ ਵਿਚ "ਮੈ ਬਉਰੀ ਮੇਰਾ ਰਾਮੁ ਭਤਾਰੁ" ਅਤੇ "ਤੁਮ ਘਰਿ ਆਵਹੁ ਮੇਰੇ ਮੀਤ" ਸ਼ਬਦਾਂ ਦਾ ਉਚਾਰਨ ਸ਼ੁਰੂ ਕੀਤਾ। ਸੂਰਜ ਦੇਵਤਾ ਵੀ ਅੰਗੜਾਈ ਲੈ ਰਿਹਾ ਸੀ। ਉਹ ਵੀ ਇਸ ਮੇਲੇ ਵਿੱਚ ਆਪਣੀ ਹਾਜ਼ਰੀ ਲਵਾਉਣ ਲਈ ਤੱਤਪਰ ਸੀ।ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਪੰਡਾਲ ਦਾ ਪ੍ਰਬੰਧ ਬਹੁਤ ਹੀ ਸ਼ਲਾਘਾਯੋਗ ਸੀ।

ਅੱਜ ਮੇਲੇ ਦੀ ਸਮਾਪਤੀ ਦਾ ਦਿਨ ਹੈ। ਅੱਜ ਆਨੰਦ ਕਾਰਜ ਵੀ ਹੋਏ ਹਨ। ਇਸ ਕਰਕੇ ਸੰਗਤਾਂ ਦਾ ਵਿਸ਼ਾਲ ਇਕੱਠ ਮੇਲੇ ਦੀ ਮਹੱਤਤਾ ਨੂੰ ਦਰਸਾ ਰਿਹਾ ਹੈ।ਵਿਸ਼ਾਲ ਪੰਡਾਲ ਸੰਗਤਾਂ ਨਾਲ ਭਰਪੂਰ ਹੈ ਚਾਰੇ ਪਾਸੇ ਨਾਮਧਾਰੀ ਸੰਗਤਾਂ ਚਿੱਟੇ ਕੱਪੜਿਆਂ ਵਿੱਚ ਸੁਸ਼ੋਭਿਤ ਹਨ।ਸ੍ਰੀ ਸਤਿਗੁਰੂ ਜੀ ਦੀ ਸਟੇਜ ਇੱਕ ਉੱਚੇ ਸਥਾਨ ਤੇ ਤਿਆਰ ਕੀਤੀ ਗਈ ਹੈ। ਸਟੇਜ ਦੇ ਪਿੱਛੇ ਲਗੇ ਬੈਨਰ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੰਦਰ ਤਸਵੀਰ ਲਗੀ ਹੈ ਤੇ ਆਕ੍ਰਸ਼ਿਤ ਅੱਖਰਾਂ ਵਿੱਚ ਸਲਾਨਾ ਜਪੁ ਪ੍ਰਯੋਗ ਲਿਖਿਆ ਹੈ। ਸ੍ਰੀ ਸਤਿਗੁਰੂ ਜੀ ਦੇ ਸੱਜੇ ਪਾਸੇ ਰਾਗੀ ਸਿੰਘਾਂ ਦੇ ਵਾਸਤੇ ਅਤੇ ਜਥੇਦਾਰਾਂ ਦੇ ਦੀਵਾਨ ਜਾਂ ਵਿਸ਼ੇਸ਼ ਵਿਅਕਤੀਆਂ ਦੇ ਬੋਲਣ ਵਾਸਤੇ ਵੀ ਇਹ ਜਗ੍ਹਾ ਤਿਆਰ ਕੀਤੀ ਗਈ ਹੈ। ਸਟੇਜ ਨੂੰ ਸਾਹਮਣਿਓਂ ਰੰਗ-ਬਰੰਗੇ ਫੁੱਲਾਂ ਦੇ ਨਾਲ ਸਜਾਇਆ ਗਿਆ ਹੈ। ਪੰਡਾਲ ਦੇ ਵਿੱਚ ਅਗਲੇ ਪਾਸੇ ਵਿਸ਼ੇਸ਼ ਮਹਿਮਾਨ ਤੇ ਸੋਧੀ ਸਿੰਘਾਂ ਦੇ ਬੈਠਣ ਦਾ ਯੋਗ ਪ੍ਰਬੰਧ ਹੈ ਤੇ ਬੀਬੀਆਂ ਵਾਲੇ ਪਾਸੇ ਵੀ ਇਸੇ ਤਰ੍ਹਾਂ ਹੀ ਯੋਗ ਪ੍ਰਬੰਧ ਹੈ।

ਪੰਡਾਲ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਸੁਸ਼ੋਭਿਤ ਹੋਈਆਂ। ਲਾਵਾਂ ਦਾ ਪਾਠ ਕੀਤਾ ਗਿਆ। ਅੱਜ 9 ਆਨੰਦ ਕਾਰਜ ਸੰਪੂਰਨ ਹੋਏ। ਪਾਠੀ ਸਿੰਘਾਂ ਨੇ ਪਾਠਾਂ ਦੇ ਭੋਗ ਪਾਏ। ਸੂਬਾ ਬਲਵਿੰਦਰ ਸਿੰਘ ਜੀ ਨੇ ਸਮਾਪਤੀ ਦੀ ਅਰਦਾਸ ਕੀਤੀ। ਇਸ ਸਮੇਂ 751 ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਪਾਠ ਤੇ 8 ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

621 ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

5 ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ
15 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ
15 ਪਾਠ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ
16 ਪਾਠ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ
11 ਪਾਠ ਆਨੰਦ ਕਾਰਜਾਂ ਵਾਲਿਆਂ ਵੱਲੋਂ
68 ਸਾਧ ਸੰਗਤ ਵੱਲੋਂ ਵੱਖ-ਵੱਖ ਮਨੋਕਾਮਨਾ ਲਈ
ਨਾਮ ਸਿਮਰਨ ਤੇ ਚੌਪਈ ਤੇ ਪਾਠਾਂ ਦੀਆਂ ਮਾਲਾਂ ਵੀ ਕੀਤੀਆਂ ਗਈਆਂ।
3 ਪਾਠ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ
5 ਪਾਠ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

**ਫੋਟੋ ਵੀਡੀਓ ਤੇ ਲਾਈਵ–** ਇਸ ਸਾਰੇ ਪ੍ਰੋਗਰਾਮ ਨੂੰ ਦੇਸ਼ਾਂ ਵਿਦੇਸ਼ਾਂ ਵਿਚ ਬੈਠੀਆਂ ਸੰਗਤਾਂ ਦੇ ਲਈ ਲਾਈਵ ਦਾ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਪ੍ਰਸਾਰਿਤ ਕੀਤਾ ਗਿਆ। ਇਸ ਪ੍ਰਬੰਧ ਦੀ ਟੀਮ ਵਿੱਚ ਕਰਨਪਾਲ ਸਿੰਘ, ਬੰਤਾ ਸਿੰਘ, ਲਵਪ੍ਰੀਤ ਸਿੰਘ, ਗੁਰਸਾਹਿਬ ਸਿੰਘ, ਸੂਰਤ ਪਾਲ ਸਿੰਘ, ਜਸਪ੍ਰੀਤ ਸਿੰਘ, ਯੁਵਰਾਜ ਸਿੰਘ, ਗਿਆਨ ਸਿੰਘ, ਗੁਰਲਾਲ ਸਿੰਘ, ਨਵਜੋਤ ਸਿੰਘ, ਸ਼ਾਮਲ ਹਨ। ਮੇਲੇ ਦੇ ਸਾਰੇ ਪ੍ਰੋਗਰਾਮ ਨੂੰ ਇਨ੍ਹਾਂ ਨੇ ਦਿਨ ਰਾਤ ਮਿਹਨਤ ਕਰਕੇ ਸੰਗਤਾਂ ਤੱਕ ਪਹੁੰਚਾਇਆ ਹੈ। **ਢੋਲਕੀ ਵਜੰਤਰੀ–** ਮੇਲੇ ਵਿੱਚ ਹੱਲੇ ਦੇ ਦੀਵਾਨਾਂ ਵਿੱਚ ਢੋਲਕੀ ਵਜਾਉਣ ਦੀ ਸੇਵਾ ਕਰਨ ਵਾਲੇ ਇਹ ਸਿੰਘ ਹਨ ਕਰਮ ਸਿੰਘ ਲਾਡੀ, ਬਿਧੀ ਸਿੰਘ, ਮੇਹਰ ਸਿੰਘ, ਬਸੰਤ ਸਿੰਘ, ਨੰਤਾ ਸਿੰਘ ਆਦਿ।

**ਗੰਨੇ ਦਾ ਜੂਸ–** ਸੂਬਾ ਗੁਲਜ਼ਾਰ ਸਿੰਘ ਜੀ ਤੇ ਇਲਾਕੇ ਦੀ ਸੰਗਤ ਗੰਨੇ ਦੇ ਰਸ ਵਿਚ ਨਿੰਬੂ, ਅਦਰਕ, ਪੁਦੀਨਾ, ਚੁਕੰਦਰ ਆਦਿ ਪਾ ਕੇ ਸਾਧ ਸੰਗਤ ਨੂੰ ਛਕਾਉਂਦੀ ਰਹੀ। ਸੂਬਾ ਜੀ ਹਰ ਮੇਲੇ ਤੇ ਕਿਰਪਾ ਕਰਦੇ ਹਨ ਗੰਨੇ ਦੀਆਂ ਦੋ ਟਰਾਲੀਆਂ ਭਰ ਕੇ ਲੈ ਆਉਂਦੇ ਹਨ।

**ਦੁੱਧ ਦੀ ਸੇਵਾ–** ਹਰ ਵਾਰ ਦੀ ਤਰ੍ਹਾਂ ਹਰ ਮੇਲੇ ਵਿੱਚ ਦੁੱਧ ਦੀ ਸੇਵਾ ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਵੱਲੋਂ ਕੀਤੀ ਜਾਂਦੀ ਹੈ। ਸੰਤ ਸਰਬਜੀਤ ਸਿੰਘ ਦੋਧੀ ਗੱਡੀ ਭਰ ਕੇ ਹਰ ਰੋਜ਼ ਸਵੇਰੇ ਲੈ ਕੇ ਆਉਂਦੇ ਸਨ।

**ਬਿਜਲੀ ਦੀ ਸੇਵਾ–** ਮੇਲੇ ਵਿਚ ਬਿਜਲੀ ਦੀ ਸਪਲਾਈ ਯਕੀਨੀ ਬਣਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਭਜਨ ਸਿੰਘ, ਦਲਜੀਤ ਸਿੰਘ, ਸੋਨੂ, ਸਤਨਾਮ ਸਿੰਘ, ਨਰਾਇਣ ਸਿੰਘ, ਹਰਪ੍ਰੀਤ ਸਿੰਘ, ਬਲਕਾਰ ਸਿੰਘ, ਰਘਬੀਰ ਸਿੰਘ, ਗੰਗਾ ਸਿੰਘ ਨੇ ਮਿਲ ਕੇ ਮੇਲੇ ਵਿੱਚ ਬਿਜਲੀ ਦੀ ਸਪਲਾਈ ਦਾ ਪੂਰਾ ਧਿਆਨ ਰੱਖਿਆ ਤੇ ਸਾਧ ਸੰਗਤ ਨੂੰ ਇਸ ਪੱਖੋਂ ਕੋਈ ਸ਼ਿਕਾਇਤ ਨਹੀਂ ਆਉਣ ਦਿੱਤੀ।

**ਡੇਰਾ ਪ੍ਰਬੰਧਕ–** ਪਿਆਰਾ ਸਿੰਘ, ਸੂਬਾ ਹਰਜੀਤ ਸਿੰਘ ਮਠੌਡਾ, ਸੰਤ ਗੁਰਜੀਤ ਸਿੰਘ ਪੱਪੂ ਆਦਿ ਨੇ ਡੇਰਿਆਂ ਅਤੇ ਬਿਸਤਰਿਆਂ ਦਾ ਪ੍ਰਬੰਧ ਕੀਤਾ।

**ਬਿਰਧਾਂ ਦੀ ਸੇਵਾ–** ਮੇਲੇ ਵਿੱਚ ਬਿਰਧਾਂ ਨੂੰ ਪੰਡਾਲ ਤੱਕ ਪਹੁੰਚਾਉਣ ਲਈ ਗੱਡੀਆਂ ਦਾ ਇੰਤਜ਼ਾਮ ਕੀਤਾ ਗਿਆ ਸੀ। ਚਾਰ ਗੱਡੀਆਂ ਲਗਾਤਾਰ ਸਵੇਰੇ ਅੰਮ੍ਰਿਤ ਵੇਲੇ ਤੋਂ ਲੈ ਕੇ ਸ਼ਾਮ ਤੱਕ ਚਲਦੀਆਂ ਰਹੀਆਂ। ਸ਼ਮਸ਼ੇਰ ਸਿੰਘ, ਭਗਵਾਨ ਸਿੰਘ, ਦੀਨਾ, ਸੁਖਦੇਵ ਸਿੰਘ, ਦਰਸ਼ਨ ਸਿੰਘ, ਗੁਰਭਾਗ ਸਿੰਘ ਨੇ ਇਹ ਸੇਵਾ ਬੜੇ ਪ੍ਰੇਮ ਨਾਲ ਨਿਭਾਈ।

**ਸਫ਼ਾਈ–** ਸ੍ਰੀ ਭੈਣੀ ਸਾਹਿਬ ਦੀ ਸਫਾਈ ਦਾ ਪ੍ਰਬੰਧ ਸ੍ਰੀ ਭੈਣੀ ਸਾਹਿਬ ਦੀ ਸੰਗਤ ਤੇ ਬਾਹਰੋਂ ਆਈਆਂ ਸੰਗਤਾਂ ਕਰਦੀਆਂ ਰਹੀਆਂ।

**ਅਖੰਡ ਪਾਠਾਂ ਦਾ ਪ੍ਰਵਾਹ–** ਕਵੀਸ਼ਰ ਗੁਰਸੇਵਕ ਸਿੰਘ ਜੀ ਤੇ ਉਨ੍ਹਾਂ ਦੇ ਜਥੇ ਵੱਲੋਂ ਦਿਨ ਰਾਤ ਅਖੰਡ ਪਾਠਾਂ, ਅਨੰਦ ਕਾਰਜਾਂ ਦੀ ਸੇਵਾ ਜ਼ਿੰਮੇਵਾਰੀ ਨਾਲ ਨਭਾਈ।

**ਬਿਰਧਾਂ ਵਾਸਤੇ ਪ੍ਰਬੰਧ–** ਪੰਡਾਲ ਦੇ ਦੋਨਾਂ ਪਾਸਿਆਂ ਤੇ ਕੁਰਸੀਆਂ ਦਾ ਵਿਸ਼ੇਸ਼ ਪ੍ਰਬੰਧ ਸੀ ਜਿੱਥੇ ਲੋੜਵੰਦ ਕੁਰਸੀਆਂ ਤੇ ਆ ਕੇ ਬੈਠ ਸਕਣ।

**ਪਹਿਰੇਦਾਰ–** ਸਾਰੀ ਸੰਗਤ ਨੂੰ ਵਧੀਆ ਢੰਗ ਦੇ ਨਾਲ ਮੱਥਾ ਟਿਕਾਉਣ ਤੇ ਬਿਠਾਉਣ ਦਾ ਪ੍ਰਬੰਧ ਪਹਿਰੇਦਾਰਾਂ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ ਹੈ।

**ਸਾਉਂਡ ਤੇ ਲਾਈਟਿੰਗ–** ਪੰਡਾਲ ਦੀ ਸੁੰਦਰਤਾ ਬਣਾਉਣ ਵਾਸਤੇ ਲਾਈਟਿੰਗ ਦਾ ਪ੍ਰਬੰਧ ਤੇ ਫੁੱਲਾਂ ਵਾਲੇ ਗਮਲਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਗਿਆ ਹੈ।

**ਸਤਿਜੁਗ, ਵਰਿਆਮ ਤੇ ਨਵਾਂ ਹਿੰਦੁਸਤਾਨ ਦਾ ਸਟਾਲ–** ਜਗਜੀਤ ਮੰਦਰ ਦੇ ਸਾਹਮਣੇ ਸਤਿਜੁਗ ਅਤੇ ਵਰਿਆਮ ਦੇ ਸਟਾਲ ਲੱਗੇ ਹਨ। ਸਾਧ ਸੰਗਤ ਲਈ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਕਿਤਾਬਾਂ ਤੇ ਸਤਿਜੁਗ ਅਤੇ ਵਰਿਆਮ ਦਾ ਪਰਚਾ ਇੱਥੇ ਉਪਲੱਬਧ ਹੈ। ਇਸ ਤੇ ਸੇਵਾ ਕਰ ਰਹੇ ਹਨ- ਡਾ. ਰਜਵੰਤ ਕੌਰ, ਗੁਰਲਾਲ ਸਿੰਘ, ਭਜਨ ਸਿੰਘ, ਗੁਰਭਗਤ ਸਿੰਘ, ਜਸਵੰਤ ਸਿੰਘ, ਹਾਕਮ ਸਿੰਘ, ਮਲਕੀਤ ਸਿੰਘ ਆਦਿ।

**ਪਾਰਕਿੰਗ–** ਕਾਰ ਪਾਰਕਿੰਗ ਦਾ ਪ੍ਰਬੰਧ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ। ਦਿੱਲੀ ਕਲੌਨੀ ਦੇ ਨਾਲ ਖੁੱਲ੍ਹੀ ਜਗ੍ਹਾ ਵਿਚ ਇਹ ਪ੍ਰਬੰਧ ਕੀਤਾ ਗਿਆ ਸੀ।

**ਲੰਗਰ ਦੀ ਸੇਵਾ–** ਲੰਗਰ ਵਿੱਚ ਮਾਤਾ ਗੁਰਸ਼ਰਨ ਕੌਰ ਬੀਬੀਆਂ ਦੇ ਜਥੇ ਨਾਲ ਪੂਰਾ ਮਹੀਨਾ ਪ੍ਰਸ਼ਾਦੇ ਪਕਾਉਣ, ਸਬਜ਼ੀਆਂ ਕੱਟਣ ਤੇ ਭਾਂਡੇ ਮਾਂਜਣ ਦੀ ਸੇਵਾ ਕਰਦੇ ਰਹੇ। ਮਾਤਾ ਜੀ ਨੇ ਲੰਗਰ ਵਰਤਾਉਣ, ਬਣਾਉਣ, ਲਿਆਉਣ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਹੋਇਆ ਹੈ।

**ਸੋਧ ਦਾ ਲੰਗਰ–** ਸੋਧ ਦੇ ਲੰਗਰ ਵਿੱਚ ਸ੍ਰੀ ਭੈਣੀ ਸਾਹਿਬ ਤੇ ਬਾਹਰੋ ਆਏ ਨੌਜਵਾਨਾਂ ਵੱਲੋਂ ਸੇਵਾ ਕੀਤੀ ਗਈ। ਸੰਤ ਹਰਪਾਲ ਸਿੰਘ, ਗੁਰਪ੍ਰੀਤ ਸਿੰਘ, ਬਸੰਤ ਸਿੰਘ, ਗੁਰਬਚਨ ਸਿੰਘ, ਦਰਸ਼ਨ ਸਿੰਘ, ਰਾਜਾ, ਅਮਰ ਸਿੰਘ, ਹਰਨਾਮ ਸਿੰਘ, ਮਲਕੀਤ ਸਿੰਘ, ਤਾਰਾ ਸਿੰਘ, ਗੁਰਚਰਨ ਸਿੰਘ, ਰਾਮ ਸਿੰਘ, ਗੁਰਪ੍ਰੀਤ ਸਿੰਘ, ਗੰਗਾ ਸਿੰਘ, ਸਰਪੰਚ, ਕਰਤਾਰ ਸਿੰਘ, ਸੰਤਾ ਸਿੰਘ, ਮੇਜਰ ਸਿੰਘ, ਯਸ਼ਪਾਲ ਸਿੰਘ, ਮਨਜੋਧ ਸਿੰਘ, ਗੁਰਵਿੰਦਰ ਸਿੰਘ, ਰਵਿੰਦਰ ਸਿੰਘ, ਸੁਦਾਗਰ ਸਿੰਘ, ਗੁਰਦੇਵ ਸਿੰਘ ਇਨ੍ਹਾਂ ਸਿੰਘਾਂ ਨੇ ਵੱਡੀ ਸੋਧ ਰੱਖ ਕੇ ਪੂਰਾ ਮਹੀਨਾ ਲੰਗਰ ਦੀ ਸੇਵਾ ਕੀਤੀ

**ਸ਼ਰਦਾਈ ਤੇ ਗਲੋਅ–** ਜੱਪ ਪ੍ਰਯੋਗ ਦੀ ਅਰਦਾਸ ਤੋਂ ਬਾਅਦ ਇਹ ਸਾਰੇ ਨੌਜ਼ਵਾਨ ਲੰਗਰ ਵਿੱਚ ਪਹੁੰਚਦੇ ਤੇ ਆਟਾ ਗੁੰਨ ਲੰਗਰ ਦੀ ਤਿਆਰੀ ਕਰਦੇ। ਸ਼ਰਦਾਈ ਤੇ ਗਲੋਅ ਦਾ ਹਰ ਰੋਜ਼ ਤਿਆਰ ਕਰਕੇ ਸਾਧ ਸੰਗਤ ਨੂੰ ਛਕਾਈ ਜਾਂਦੀ। ਇਸ ਤਰ੍ਹਾਂ ਬੀਬੀਆਂ ਨੇ ਵੀ ਲੰਗਰ ਦੀ ਉੱਤਰ ਬਾਹੀ ਵੱਲ ਸੋਧੀ ਬੀਬੀਆਂ ਨੂੰ ਪ੍ਰਸ਼ਾਦਾ ਛਕਾਉਣ ਦੀ ਸੇਵਾ ਕੀਤੀ।

**ਦਾਲਾਂ ਬਣਾਉਣ ਦੀ ਸੇਵਾ–** ਸੰਤ ਕਰਮ ਸਿੰਘ, ਗੁਰਚਰਨ ਸਿੰਘ, ਸਤਨਾਮ ਸਿੰਘ, ਰਤਨ ਸਿੰਘ, ਦਰਸ਼ਨ ਸਿੰਘ, ਗੁਰਦੀਪ ਸਿੰਘ, ਸਵਰਨ ਸਿੰਘ ਨੇ ਕੀਤੀ।

ਲੰਗਰ ਵਿੱਚ ਹਰ ਰੋਜ਼ ਵੱਖ ਵੱਖ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾਂਦੇ ਰਹੇ। ਲੱਡੂ, ਜਲੇਬੀਆਂ, ਬੂੰਦੀ, ਵੇਸਣ, ਪਕੌੜੇ, ਫਰੂਟ ਕ੍ਰੀਮ, ਫਰੂਟ ਚਾਟ, ਗੁਲਾਬ ਜਾਮਣ, ਰਸਗੁੱਲੇ, ਕਸਟਰਡ ਆਦਿ ਪਦਾਰਥ ਤਿਆਰ ਕਰਕੇ ਸਾਧ ਸੰਗਤ ਨੂੰ ਛਕਾਏ ਜਾਂਦੇ ਰਹੇ। ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਲੱਡੂ ਵਰਤਾਉਣ ਦੀ ਕਿਰਪਾ ਕੀਤੀ। ਇਕ ਦਿਨ ਆਈਸਕ੍ਰੀਮ ਦਾ ਲੰਗਰ ਵੀ ਚਲਦਾ ਰਿਹਾ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਗੁਰੂ ਕਾ ਲੰਗਰ ਅਤੁੱਟ ਵਰਤਿਆ

**ਮਾਤਾ ਜੀ ਵੱਲੋਂ ਸਨਮਾਨ–** ਲੰਗਰ ਵਿੱਚ ਸੇਵਾ ਕਰਨ ਵਾਲੇ ਨੌਜ਼ਵਾਨਾਂ ਦਾ ਮਾਤਾ ਜੀ ਨੇ ਸਿਰੋਪਾਉ ਆਸ਼ੀਰਵਾਦ ਦੇ ਕੇ ਹੌਂਸਲਾ ਅਫਜ਼ਾਈ ਕੀਤੀ ਤੇ ਸੇਵਾ ਕਰਨ ਵਾਸਤੇ ਪ੍ਰੇਰਿਤ ਕੀਤਾ।

**ਸ੍ਰੀ ਸਤਿਗੁਰੂ ਜੀ ਦਾ ਪਵਿੱਤਰ ਉਪਦੇਸ਼ ਤੇ ਖ਼ੁਸ਼ੀਆਂ–** ਇਸ ਸਮੇਂ ਸ੍ਰੀ ਸਤਿਗੁਰੂ ਜੀ ਨੇ ਆਪਣਾ ਪਵਿੱਤਰ ਉਪਦੇਸ਼ ਸੰਗਤਾਂ ਦੇ ਭਲੇ ਵਾਸਤੇ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਖ਼ੁਸ਼ੀਆਂ ਬਖ਼ਸ਼ੀਆਂ।

# Matrimonial

Ramghariya Boy
Age - 30
Education - MCA
Occupation - Owner of the Company (Business)
Contact : 8800137061
9711231356

Ramghariya Boy
Age- 1993
Height- 6.2
Education- +2
occupation- Self Business
Cont: 89958-15693

Ramghariya Boy
Age- 1995
Height- 6.1
Education- +2
Cont: 8295815683

# ਅੱਸੂ ਦੇ ਮੇਲੇ ਦੀਆਂ ਵੱਖ ਵੱਖ ਝਲਕੀਆਂ


















Date of Publication: 06 November 2022
Date of Posting: 08 November 2022

RNI NO.55658/93
LDM/008/2021-2023



# ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

## ਮਿਤੀ: 25,26 ਅਤੇ 27 ਨਵੰਬਰ 2022,

## ਸਥਾਨ: ਸ੍ਰੀ ਭੈਣੀ ਸਾਹਿਬ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.